# ਪਾਰ ਮੇਰਾ ਦਰਿਆ



ਸਾਧੂ ਬਿਨਿੰਗ

# ਯਾਰ ਮੇਰਾ ਦਰਿਆ

(ਕਾਵਿ ਸੰਗ੍ਰਹਿ)

**ਸਾਧੂ ਬਿਨਿੰਗ**

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

**ਲੇਖਕ ਦੀਆਂ ਹੋਰ ਕਿਤਾਬਾਂ:**

2025 **ਨਾਸਤਿਕ ਹੋਣਾ** (ਕਾਵਿ-ਸੰਗ੍ਰਹਿ)

2023 **ਨਾਸਤਿਕ ਬਾਣੀ** (ਦੂਸਰਾ ਐਡੀਸ਼ਨ 2013 ਵਿੱਚ। ਪਹਿਲਾ 2012 ਵਿੱਚ)

2017 **ਬੇਇੱਜ਼ਤ** (ਸਰਬਜੀਤ ਕੌਰ ਅਠਵਾਲ ਦੀ ਪੁਸਤਕ Shamed ਦਾ ਅਨੁਵਾਦ - ਸੁਖਵੰਤ ਹੁੰਦਲ ਤੇ ਗੁਰਮੇਲ ਰਾਏ ਨਾਲ ਸਾਂਝਾ)

2016 **ਕਨੇਡਾ ਵਿਚ ਪੰਜਾਬੀ ਬੋਲੀ:** ਕਨੇਡਾ ਅਤੇ ਖਾਸ ਕਰ ਬਿਟ੍ਰਿਸ਼ ਕੋਲੰਬੀਆ ਵਿੱਚ ਪੰਜਾਬੀ ਬੋਲੀ ਦੇ ਵਿਕਾਸ ਹਿੱਤ ਹੋਈਆਂ ਸਰਗਰਮੀਆਂ ਦਾ ਦਸਤਾਵੇਜ

2015 **ਜੁਗਤੂ** (ਨਾਵਲ) (ਪਹਿਲਾ ਐਡੀਸ਼ਨ 2002 ਵਿਚ)

2014 **Fauji Banta Singh and Other Stories** (Short Fiction in English) **ਫੌਜੀ ਬੰਤਾ ਸਿੰਘ ਐਂਡ ਅਦਰ ਸਟੋਰੀਜ਼**

2001 **ਬੱਢ ਢਿੱਲੋਂ ਅਤੇ ਤੋਤੇ ਦੀ ਚੁੰਝ** (ਕਰਤਾਰ ਢਿੱਲੋਂ ਦੀ ਲਿਖਤ ਦਾ ਅਨੁਵਾਦ)

2001 **ਲੱਤਾਂ ਦੇ ਭੂਤ** (ਨਾਟਕ ਸੰਗ੍ਰਹਿ - ਸੁਖਵੰਤ ਹੁੰਦਲ ਨਾਲ ਸਾਂਝਾ)

2001 **ਲੀਹੋਂ ਲੱਥੇ** (ਕਹਾਣੀ ਸੰਗ੍ਰਹਿ) (ਪਹਿਲਾ-1994 ਵਿੱਚ)

2001 **ਯਾਰ ਮੇਰਾ ਦਰਿਆ** (ਕਾਵਿ-ਸੰਗ੍ਰਹਿ)

2001 **ਕਿਸ ਦਾ ਕਸੂਰ** (ਕਹਾਣੀ-ਸੰਗ੍ਰਹਿ) (ਪਹਿਲਾ 1982 ਵਿੱਚ)

2000 **ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿੱਚ ਪੰਜਾਬੀ ਪ੍ਰਗਤੀਸ਼ੀਲ ਲਹਿਰ** (ਸੁਖਵੰਤ ਹੁੰਦਲ ਨਾਲ ਸਾਂਝੀ ਖੋਜ)

2000 **ਕਥਾ ਕਨੇਡਾ** (ਸਹਿ-ਸੰਪਾਦਿਤ (ਸੁਖਵੰਤ ਹੁੰਦਲ ਨਾਲ) ਕਹਾਣੀ ਸੰਗ੍ਰਹਿ)

1997 **ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਵੇਂ ਲਿਆ** (ਸੁਖਵੰਤ ਹੁੰਦਲ ਨਾਲ ਸਾਂਝੀ ਖੋਜ)

1995 **ਪਿਕਟ ਲਾਈਨ** (ਨਾਟਕ ਸੰਗ੍ਰਹਿ - ਸੁਖਵੰਤ ਹੁੰਦਲ ਨਾਲ ਸਾਂਝਾ)

1994 **No More Watno Dur** (Bilingual Poetry Collection) **ਵਤਨੋਂ ਦੂਰ ਨਹੀਂ** (ਦੋਭਾਸ਼ੀ ਕਾਵਿ-ਸੰਗ੍ਰਹਿ)

1990 **ਰਿਸ਼ਤੇ ਦਰਿਆਵਾਂ ਦੇ** (ਕਾਵਿ-ਸੰਗ੍ਰਹਿ)

1988 **ਮਲੂਕਾ** (ਸਾਧੂ ਸਿੰਘ ਧਾਮੀ ਦਾ ਨਾਵਲ - ਸੁਖਵੰਤ ਹੁੰਦਲ ਤੇ ਗੁਰਮੇਲ ਰਾਏ ਨਾਲ ਸਾਂਝਾ ਅਨੁਵਾਦ)

1986 **ਜੰਗਲ ਦੇ ਵਿਰੁੱਧ** (ਸਹਿ-ਸੰਪਾਦਿਤ (ਸੁਖਪਾਲ ਨਾਲ) ਕਾਵਿ-ਸੰਗ੍ਰਹਿ)

1976 **ਸੋਨੇ ਰੰਗੀ ਸੜਕ** (ਕਾਵਿ-ਸੰਗ੍ਰਹਿ)

ਸਾਧੂ ਬਿਨਿੰਗ ਦੀਆਂ ਰਚਨਾਵਾਂ ਪੰਜਾਬੀ ਅਤੇ ਅੰਗਰੇਜ਼ੀ ਦੇ ਸੱਠ ਤੋਂ ਉੱਪਰ ਸੰਗ੍ਰਹਿਆਂ ਵਿੱਚ ਸ਼ਾਮਲ ਹਨ। ਉੱਪਰਲੀ ਸੂਚੀ ਵਿੱਚ ਦਰਜ ਕੁਝ ਕਿਤਾਬਾਂ ਸਾਧੂ ਦੇ ਨਾਮ ਥੱਲੇ ਛਪੀਆਂ ਹਨ। ਬ੍ਰਿਟਿਸ਼ ਕੋਲੰਬੀਆ, ਕਨੇਡਾ ਵਿੱਚ ਪੰਜਾਬੀ ਦੂਜੀ ਭਾਸ਼ਾ ਵਜੋਂ ਪੜ੍ਹਾਉਣ ਲਈ ਸਾਧੂ ਬਿਨਿੰਗ ਵਲੋਂ ਚਾਰ ਪੁਸਤਕਾਂ ਲਿਖੀਆਂ ਗਈਆਂ ਹਨ।

Yaar Mera Daria (Poems)
by Sadhu Binning

© Sadhu Binning

**ਸਾਧੂ ਬਿਨਿੰਗ ਡੀ ਲਿੱਟ**
Sadhu Binning D. Litt.
4333 Portland Street
Burnaby, BC, Canada, V5J 2N5
Email: sadhu.binning@gmail.com

ਪਹਿਲੀ ਵਾਰ: ਜਨਵਰੀ 2001

ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਛਾਪਕ: ਸੋਨੀ ਅਫਸੈੱਟ ਦਿੱਲੀ

ਕੀਮਤ: 100 ਰੁਪਏ
60 ਰੁਪਏ (ਪੇਪਰ ਬੈਕ)

ਟਾਈਪ ਸੈਟਿੰਗ / ਲੇ ਆਊਟ / ਡਿਜ਼ਾਈਨ – ਲੇਖਕ

ਦੀਪਕ ਦੀ ਯਾਦ ਵਿੱਚ

# ਤਤਕਰਾ


| ਨੰਬਰ | ਕਵਿਤਾ | ਸਫਾ |
|---|---|---|
| 1 | ਜੋਦੜੀ | 8 |
| 2 | ਕਵਿਤਾ ਨਾਲ ਸੰਵਾਦ | 9 |
| 3 | ਯਾਰ ਮੇਰਾ ਦਰਿਆ - ੧ | 11 |
| 4 | ਯਾਰ ਮੇਰਾ ਦਰਿਆ - ੨ | 12 |
| 5 | ਯਾਰ ਮੇਰਾ ਦਰਿਆ - ੩ | 13 |
| 6 | ਯਾਰ ਮੇਰਾ ਦਰਿਆ - ੪ | 15 |
| 7 | ਯਾਰ ਮੇਰਾ ਦਰਿਆ - ੫ | 16 |
| 8 | ਘਰ - ੧ | 17 |
| 9 | ਘਰ - ੨ | 19 |
| 10 | ਘਰ - ੩ | 21 |
| 11 | ਘਰ - ੪ | 23 |
| 12 | ਘਰ - ੫ | 24 |
| 13 | ਘਰ - ੬ | 25 |
| 14 | ਘਰ - ੭ | 26 |
| 15 | ਘਰ - ੮ | 27 |
| 16 | ਘਰ - ੯ | 28 |
| 17 | ਘਰ - ੧੦ | 29 |
| 18 | ਘਰ - ੧੧ | 30 |
| 19 | ਘਰ - ੧੨ | 31 |
| 20 | ਘਰ - ੧੩ | 32 |
| 21 | ਘਰ - ੧੪ | 33 |
| 22 | ਘਰ - ੧੫ | 34 |
| 23 | ਘਰ - ੧੬ | 35 |
| 24 | ਘਰ - ੧੭ | 36 |
| 25 | ਘਰ - ੧੮ | 38 |
| 26 | ਸੈਰ ਗਏ ਨੂੰ | 39 |
| 27 | ਚਿੱਟੀ ਪਰੀ | 41 |
| 28 | ਸੁਰਾਹੀ | 43 |
| 29 | ਪੁਸਤਕਾਂ | 44 |
| 30 | ਤੇਰੇ ਜ਼ਖਮ ਮੇਰੀ ਪੀੜ | 46 |

| | | |
|---|---|---|
| 31 | ਮੈਂ ਤੇ ਮੇਰਾ ਪਰਛਾਵਾਂ | 48 |
| 32 | ਨਿੱਕੀਆਂ ਕਵਿਤਾਵਾਂ | 49 |
| 33 | ਉਦੋਂ ਤੇ ਹੁਣ | 51 |
| 34 | ਗੱਲ ਖੁਸ਼ੀ ਦੀ ਤਾਂ ਹੈ ਪਰ ... | 54 |
| 35 | ਇਸ ਛਿਣ ਨੂੰ ਮਾਣ | 57 |
| 36 | ਸੁਪਨਿਆਂ ਦਾ ਮਰ ਜਾਣਾ | 59 |
| 37 | ਸਾਊ | 62 |
| 38 | ਤੁਹਾਡੀ ਸਿੱਖਿਆ | 64 |
| 39 | ਤੁਸੀਂ ਜੰਮ ਜੰਮ ਆਓ | 65 |
| 40 | ਘਾਟੇ ਦਾ ਸੌਦਾ | 68 |
| 41 | ਨਵੀਂ ਜੰਗ | 69 |
| 42 | ਨਵੇਂ ਅਰਥ | 70 |
| 43 | ਗੁਫਾ ਦੇ ਮੂੰਹ ’ਤੇ | 71 |
| 44 | ਰੁੱਖ ਤੇ ਮਨੁੱਖ | 72 |
| 45 | ਮੀਂਹ ਦੀ ਕਣੀ | 73 |
| 46 | ਸੜਕ - ੧ | 74 |
| 47 | ਸੜਕ - ੨ | 75 |
| 48 | ਸੜਕ - ੩ | 76 |
| 49 | ਚੁੱਪ - ੧ | 77 |
| 50 | ਚੁੱਪ - ੨ | 78 |
| 51 | ਸੇਧ | 79 |
| 52 | ਤੁਰਨਾ | 80 |
| 53 | ਯਾਰਾਂ ਦਾ ਯਾਰ | 81 |
| 54 | ਉਦਾਸ ਪਲਾਂ ਦੌਰਾਨ | 82 |
| 55 | ਸ਼ਹਿਰੀ ਦ੍ਰਿਸ਼ | 83 |
| 56 | ਵਤਨੋਂ ਦੂਰ ਨਹੀਂ | 84 |
| 57 | ਜੀ ਆਇਆਂ ਨੂੰ | 86 |
| 58 | ਉਹ ਔਰਤ | 87 |
| 59 | ਘਾਹ ਅਤੇ ਮੈਂ | 88 |
| 60 | ਭਾਂਡੇ ਧੋਣੇ | 89 |
| 61 | ਚੁਹੱਤਰਵੀਂ ਐਵਨਿਊ | 91 |
| | ਲੇਖਕ ਬਾਰੇ | 97 |

## ਜੋਦੜੀ

ਮੇਰੀ ਕਵਿਤਾ
ਮੇਰੇ ਕੋਲ ਆ

ਯੁੱਗਾਂ ਪਹਿਲਾਂ ਜਦ
ਅੱਖ ਉਘਾੜੀ
ਬੋਲਣਾ ਸਿੱਖਿਆ
ਸ਼ਬਦ ਬਣਾਏ
ਸਭ ਤੋਂ ਪਹਿਲਾਂ
ਤੇਰੀ ਝੋਲੀ ਪਾਏ
ਤੂੰ ਹੀਂ ਉਂਗਲੀ ਲਾ
ਸਾਰੇ ਇਲਮ ਪੜ੍ਹਾਏ
ਮੇਰਾ ਅੰਦਰ ਬਾਹਰ
ਇਕਸੁਰ ਕੀਤਾ
ਗੀਤ ਸਿਖਾਏ

ਤੂੰ ਨਾਲ ਹੋਵੇਂ
ਡਿੱਗਦਾ ਢਹਿੰਦਾ ਵੀ
ਭਾਲ ਲਵਾਂ ਰਾਹ

ਡਾਲਰ ਦੇ ਰਾਮ ਰੌਲੇ ’ਚ ਹੁਣ
ਕਦੇ ਕਦੇ ਜਦ ਹੱਟ ਜਾਵੇ
ਸੁਣਨੋਂ ਤੇਰੀ ਆਵਾਜ਼
ਭਟਕ ਜਾਣ ਪੈਰ
ਧੁਰ ਅੰਦਰੋਂ ਡਰ ਜਾਵਾਂ

ਹੇ ਮੇਰੀ ਕਵਿਤਾ
ਸਦਾ ਮੇਰੇ ਅੰਗ ਸੰਗ ਰਹਿ

## ਕਵਿਤਾ ਨਾਲ ਸੰਵਾਦ

ਕਵਿਤਾ ਨੇ ਇਕ ਦਿਨ
ਯਾਦ ਕਰਾਇਆ
ਕਵਿਤਾ ਹੁੰਦੀ ਹੈ
ਪੱਤਿਆਂ 'ਤੇ ਹੁੰਦੇ ਹਵਾ ਦੇ ਨਾਚ ਨੂੰ
ਪਾਣੀ ਵਿਚ ਵਗਦੇ ਸੰਗੀਤ ਨੂੰ
ਸ਼ਬਦਾਂ ਵਿਚ ਪਰੋਣ ਲਈ
ਮਨ ਅੰਦਰ ਝਾਤੀ ਪਾਉਣ ਲਈ
ਸੱਜਣਾਂ ਨਾਲ ਬਾਤਾਂ ਪਾਉਣ ਲਈ
ਕਵਿਤਾ ਹੁੰਦੀ ਹੈ
ਲੋਕਾਂ ਨਾਲ ਸਨੇਹ ਜਤਾਉਣ ਲਈ
ਉਨ੍ਹਾਂ ਦੇ ਦੁੱਖਾਂ ਦਰਦਾਂ ਦੇ
ਗੀਤ ਗਾਉਣ ਲਈ
ਲੋੜ ਪੈਣ 'ਤੇ ਹੱਕਾਂ ਲਈ
ਝੰਡਾ ਉਠਾਉਣ ਲਈ

ਅੱਜ ਕਲ ਹਰ ਕਵਿਤਾ ਤੇਰੀ
ਟੁੱਟੀ ਟੁੱਟੀ ਰਊਂ ਰਊਂ ਕਰਦੀ
ਡਿੱਗਦੀ ਢਹਿੰਦੀ ਸੱਟਾਂ ਖਾਂਦੀ
ਰੋਸੇ ਕਰਦੀ ਸ਼ਿਕਾਇਤਾਂ ਲਾਉਂਦੀ

ਕਵਿਤਾ ਲਿਖ ਕੋਈ
ਸਤਰੰਗੀ ਪੀਂਘ ਵਰਗੀ
ਵਗਦੀ ਨਦੀ ਦੇ ਗੀਤ ਵਰਗੀ
ਸਮੁੰਦਰ ਦੀਆਂ ਛੱਲਾਂ ਵਰਗੀ

ਗੋਲ਼ ਮੋਲ਼ ਬੱਚੇ ਦੀਆਂ ਗੱਲ੍ਹਾਂ ਵਰਗੀ
ਅੱਲ੍ਹੜ ਮੁਟਿਆਰ ਦੀ ਤੋਰ ਵਰਗੀ
ਪੈਲ ਪਾਉਂਦੇ ਮੋਰ ਵਰਗੀ

ਜਾਂ ਘੱਟੋ ਘੱਟ ਕਾਮੀ ਹੱਥੀਂ ਪਏ
ਰੱਟਣਾਂ ਦੇ ਗੀਤ ਗਾ

ਗਰੀਬ ਬੱਚੇ ਦੀਆਂ ਭੁੱਖੀਆਂ
ਆਂਦਰਾਂ ਦੀ ਪੀੜ ਕਹਿ
ਇਨਕਲਾਬੀ ਗੁਰੀਲੇ ਦੇ ਹੱਥ ਫੜੀ
ਬੰਦੂਕ ਨੂੰ ਸਲਾਮ ਕਰ

ਮੈਂ ਕਿਹਾ
ਲੈ ਜਾ ਪਰ੍ਹੇ
ਰੁਮਾਂਸਵਾਦ ਜੁਝਾਰਵਾਦ ਸਾਰੇ ਵਾਦ
ਤੂੰ ਮੈਨੂੰ ਮੇਰਾ ਸੱਚ ਬੋਲਣ ਦੇ
ਦੁਬਿਧਾ ਭਰੇ ਦੰਭੀ ਜੀਵਨ ਨੂੰ
ਸੂਲਾਂ ਵਰਗੇ ਇਕਲਾਪੇ ਨੂੰ
ਸਤਿਕਾਰ ਲਈ ਸਹਿਕਦੇ ਮਾਪੇ ਨੂੰ
ਮੇਰੇ ਟੁੱਟੇ ਭੱਜੇ ਆਪੇ ਨੂੰ
ਸਰੇ ਬਾਜ਼ਾਰ ਫਰੋਲਣ ਦੇ
ਅੰਦਰ ਦੀਆਂ ਤੈਹਾਂ ਖੋਲ੍ਹਣ ਦੇ
ਤੂੰ ਮੈਨੂੰ ਮੇਰਾ ਸੱਚ ਬੋਲਣ ਦੇ

ਕਵਿਤਾ ਬੋਲੀ
ਤੇਰਾ ਸੱਚ ਕੀ
ਜੱਗ ਦੇ ਸੱਚ ਤੋਂ ਵੱਖਰਾ ਹੈ?

## ਯਾਰ ਮੇਰਾ ਦਰਿਆ – ੧

ਵਸਣ ਅਨੇਕਾਂ ਘਰ
ਕੰਢੇ ਵਗਦੇ ਹਰ ਦਰਿਆ
ਮੇਰੇ ਘਰ ਕੰਢੇ ਵਸਦਾ
ਬਸ ਇਹੋ ਇਕ ਦਰਿਆ

ਕੁਝ ਬੋਲੀ ਵੱਖਰੀ ਏਸਦੀ
ਪਰ ਯਾਰਾਂ ਜਿਹਾ ਸੁਭਾਅ
ਮਲੂਕੇ ਨਾਲ ਹੱਸ ਕੇ ਬੋਲਿਆ
ਉਹਨੂੰ ਆਪਣਾ ਲਿਆ ਬਣਾ

ਹੁਣ ਇਕ ਵੇਈਂ ਦੀ ਮਛਲੀ
ਵੜੀ ਇਸ ਦੇ ਪਾਣੀਂ ਆ
ਪਈ ਇਸ ਨੂੰ ਕਰਦੀ ਜੋਦੜੀ
ਮੈਨੂੰ ਆਪਣੀ ਧੀ ਬਣਾ

ਛਛੋਪੰਜ ਵਿਚ ਪੈ ਗਿਆ
ਸੁਣ ਅਰਜ਼ ਮੇਰੀ ਦਰਿਆ
ਇਹ ਰਿਸ਼ਤਾ ਨਾ ਬਣ ਸਕੇ
ਮੈਂ ਮਜਬੂਰ ਬੜਾ
ਦੁੱਖ ਤੇਰਾ ਮੈਂ ਸਮਝਦਾਂ
ਪੀੜ ਮੇਰੀ ਵੀ ਏਹੋ ਆ
ਖਬਰੇ ਕਿਸ ਨਿਰਮੋਹੇ ਘੜਿਆ
ਇਹ ਥਾਵਾਂ ਦਿਸ਼ਾਵਾਂ ਦਾ ਸਿਲਸਿਲਾ

ਚੁੱਪ ਚੁਪੀਤੇ ਬੈਠ ਕੇ
ਅਸਾਂ ਕੀਤਾ ਫੈਸਲਾ
ਮੈਂ ਉਹਦਾ ਬੇਲੀ ਬਣ ਗਿਆ
ਤੇ ਉਹ ਯਾਰ ਮੇਰਾ ਦਰਿਆ

## ਯਾਰ ਮੇਰਾ ਦਰਿਆ – ੨

ਯਾਰ ਮੇਰੇ ਦਰਿਆ
ਏਨਾ ਵੀ ਨਾ ਹੋਇਆ ਕਰ ਉਦਾਸ
ਦੁਨੀਆਂ ’ਚ ਅਜਿਹੇ ਵੀ ਨੇ ਦਰਿਆ
ਜੋ ਸਰਹੱਦਾਂ ਨੇ
ਜਿੱਥੇ ਹਰ ਦਮ
ਮੌਤ ਦੇ ਲੱਗੇ ਪਹਿਰੇ

ਜ਼ਰਾ ਸੋਚ
ਉਨ੍ਹਾਂ ਦਰਿਆਵਾਂ ਨਾਲ ਗੱਲਾਂ ਕਰਨ
ਕੌਣ ਆਉਂਦਾ ਹੋਵੇਗਾ ਮੇਰੀ ਤਰ੍ਹਾਂ
ਤੇ ਕਿੰਨਾ ਡਰਦੀਆਂ ਹੋਣਗੀਆਂ
ਉਨ੍ਹਾਂ ਦਰਿਆਵਾਂ ਦੀਆਂ ਮੱਛੀਆਂ
ਆਪਣੇ ਹੀ ਪਾਣੀਆਂ ਤੋਂ
ਆਪਣੇ ਹੀ ਘਰਾਂ ਤੋਂ

## ਯਾਰ ਮੇਰਾ ਦਰਿਆ – ੩

ਦੇਖਦਿਆਂ ਹੀ
ਦਰਿਆ ’ਤੇ ਵੀ ਵਿਛ ਗਈ
ਮੇਰੇ ਅੰਦਰ ਦੀ ਉਦਾਸੀ

ਮੈਨੂੰ ਗੱਲੀਂ ਪਾਉਣ ਲਈ
ਦਰਿਆ ਨੇ ਕੀਤਾ ਸਵਾਲ
ਸੰਧੂਰ ਲਿਬੜੇ ਲਲੇਰ
ਮੇਰੇ ਕੰਢੇ ਰੱਖ
ਜੋ ਮੱਥੇ ਟੇਕਦੇ ਗਏ ਨੇ
ਮੈਨੂੰ ਪੂਜਣ ਵਾਲੇ
ਕੌਣ ਭਗਤ ਨੇ ਏਹੋ
ਪਹਿਲਾਂ ਕਦੀ ਨਹੀਂ ਦੇਖਿਆ
ਏਥੇ ਇਹੋ ਜਿਹਾ ਨਜ਼ਾਰਾ

ਮੈਂ ਗੱਲਾਂ ਦੇ ਰੌਂਅ ’ਚ ਨਹੀਂ
ਨਾ ਹੀ ਦਰਿਆ ਨੂੰ ਦੱਸਣਾ ਚਾਹੁੰਨਾਂ
ਨਵੇਂ ਭਗਤਾਂ ਦੀ ’ਭਗਤੀ’ ਪਿੱਛੇ
ਹੈ ਮੰਗਣ ਮੰਗਾਉਣ ਦਾ ਹੀ ਚੱਕਰ

ਟਾਲਣ ਦੇ ਇਰਾਦੇ ਦਰਿਆ ਨੂੰ ਕਹਾਂ
ਤੇਰੇ ਕੰਢੇ ਬੈਠੇ ਏਨੇ ਮਛੇਰੇ
ਉਨ੍ਹਾਂ ਨਾਲ ਕਿਉਂ ਨਹੀਂ ਕਰਦਾ ਗੱਲਾਂ?

ਮਛੇਰਿਆਂ ਵੱਲ ਦੇਖਦਿਆਂ
ਦਰਿਆ ਮੁਸਕਰਾ ਕੇ ਕਹੇ
ਉਨ੍ਹਾਂ ਦੀ ਸੁਤਾ ਮੇਰੀਆਂ ਮੱਛੀਆਂ ’ਚ ਹੈ
ਗੱਲਾਂ ਮੈਂ ਸਿਰਫ ਦੋਸਤਾਂ ਨਾਲ ਕਰਦਾ ਹਾਂ

ਦਰਿਆ ਦੀ ਗੱਲ ਮੈਨੂੰ ਚੰਗੀ ਲੱਗੀ
ਫੇਰ ਵੀ ਗੱਲਾਂ ਨੂੰ ਦਿਲ ਨਹੀਂ
ਮੇਰਾ ਮਨ ਦੁੱਖੀ ਹੈ

ਦੁਬਿਧਾ ’ਚ ਹੈ
ਆਪਣੀ ਧੀ ਦੀਆਂ ਹੰਝੂਆਂ ਭਰੀਆਂ ਅੱਖਾਂ
ਵਾਰ ਵਾਰ ਦਿਸ ਰਹੀਆਂ ਨੇ
ਗੁੱਸੇ ਭਰੀ ਮੇਰੀ ਆਪਣੀ ਹੀ ਆਵਾਜ਼
ਮੇਰੇ ਕੰਨਾਂ ਵਿਚ ਗੂੰਜ ਰਹੀ ਹੈ

ਮਨ ਦੀ ਉਲਝਣ ਲੁਕਾਉਣ ਲਈ
ਦਰਿਆ ਨੂੰ ਕਰਾਂ ਸਵਾਲ
ਕੀ ਉਹ ਮੱਛੀਆਂ ਤੇਰੀਆਂ ਧੀਆਂ ਨਹੀਂ?
ਕਿਉਂ ਨਹੀਂ ਕਰਦਾ ਰਾਖੀ ਉਨ੍ਹਾਂ ਦੀ?
ਕਿਹੋ ਜਿਹਾ ਬਾਪ ਏਂ ਤੂੰ?

ਦਰਿਆ ਮੇਰੀ ਵਲ
ਹੈਰਾਨੀ ਨਾਲ ਦੇਖਦਾ ਹੈ
ਆਪਣੇ ਦਿਲ ਵਰਗੀ ਡੂੰਘੀ
ਚੁੱਪ ਆਵਾਜ਼ ਵਿਚ ਕਹਿੰਦਾ ਹੈ
ਮੈਂ ਬਾਪ ਹਾਂ ਜੇਲ੍ਹਰ ਨਹੀਂ

## ਯਾਰ ਮੇਰਾ ਦਰਿਆ – ੪

ਜਦ ਕੋਈ
ਵੱਡੀ ਕਾਰੋਬਾਰੀ ਕਿਸ਼ਤੀ
ਤੇਜ਼ੀ ਨਾਲ ਹਿੱਕ ਤੋਂ ਲੰਘੇ
ਗੁੱਸੇ 'ਚ ਦਰਿਆ
ਕੰਢਿਆਂ 'ਤੇ ਪਏ ਪੱਥਰਾਂ ਦੇ
ਖਿੱਝ ਖਿੱਝ ਥਪੇੜ੍ਹੇ ਮਾਰੇ
ਝੱਗ ਸੁੱਟੇ ਤਿਲਮਲਾਵੇ

ਤੇ ਜਦੋਂ
ਕਤਾਰਾਂ ਬੰਨ੍ਹ ਮੁਰਗਾਬੀਆਂ
ਏਧਰ ਓਧਰ ਫਿਰਨ ਤਰਦੀਆਂ
ਜਾਂ ਨਿੱਕੀ ਬੇੜੀ 'ਚ ਬੈਠਾ ਜੋੜਾ
ਹੌਲੀ ਹੌਲੀ ਚੱਪੂ ਮਾਰੇ
ਦਰਿਆ ਖਾਮੋਸ਼ ਵਗੇ
ਖੁਸ਼ੀ 'ਚ ਝੂਮਦਾ ਨਜ਼ਰ ਆਵੇ

ਯਾਰ ਮੇਰਾ ਦਰਿਆ
ਇੰਝ ਦਿਲ ਦੀਆਂ ਸਮਝਾਵੇ

## ਯਾਰ ਮੇਰਾ ਦਰਿਆ – ੫

ਯਾਰ ਮੇਰੇ ਦਰਿਆ
ਇਸ ਮੋੜ ’ਤੇ ਆ
ਤੈਨੂੰ ਕਿੱਦਾਂ ਲੱਗਦਾ?

ਉਹ ਪਰ੍ਹੇ
ਚੰਦ ਕਦਮਾਂ ’ਤੇ
ਸਫਰ ਤੇਰਾ ਇਹ
ਮੁੱਕ ਜਾਣਾ ਹੈ
ਕੁਝ ਪਲਾਂ ਲਈ
ਸਾਗਰ ਵਿਚ ਤੂੰ
ਦਿਸੇਂਗਾ ਵੱਖਰਾ
ਫੇਰ ਤੈਂ ਸਾਗਰ ਸੰਗ
ਸਾਗਰ ਹੋ ਜਾਣਾ ਹੈ

ਆਖਰ ਵੇਲੇ
ਇਹ ਘੁੰਮਣ ਘੇਰੀਆਂ?
ਤੇਰੇ ਮਨ ਵਿਚ
ਕੀ ਆਉਂਦਾ ਹੈ?
ਯਾਰ ਮੇਰੇ ਦਰਿਆ
ਮੈਨੂੰ ਦੱਸ ਜ਼ਰਾ

## ਘਰ – ੧

ਸੌਣ ਤੋਂ ਪਹਿਲਾਂ
ਬਾਤ ਦੀ ਜ਼ਿੱਦ ਕਰਨ ਵਾਲੇ
ਮੇਰੇ ਬੱਚੇ
ਅਜੇ ਮੈਥੋਂ ਬਾਤ ਸੁਣੇ ਬਗੈਰ ਹੀ
ਸੌਂ ਜਾਇਆ ਕਰ
ਮੈਨੂੰ ਬਾਪੂ ਬਣਨ ਦੇ ਫਰਜ਼ ਲਈ
ਨਾ ਸਤਾਇਆ ਕਰ

ਮੇਰੀਆਂ ਰਾਤਾਂ ਨੂੰ ਰੌਸ਼ਨੀ
ਤੇ ਪ੍ਰਭਾਤਾਂ ਨੂੰ ਤਾਜ਼ਗੀ ਦੇਣ ਵਾਲੀ
ਮੇਰੀ ਮਹਿਬੂਬ ਸਾਥਣੇ
ਸਬਰ ਦਾ ਘੁੱਟ ਭਰਿਆ ਕਰ
ਹਨੇਰੇ ਕਮਰੇ ਨੂੰ
ਏਨਾ ਰੌਸ਼ਨ ਨਾ ਕਰਿਆ ਕਰ

ਮੇਰੇ ਜੀਵਨ ’ਚ ਨਸ਼ਾ ਘੋਲਣ ਵਾਲ਼ੇ
ਸਮੁੰਦਰ ’ਚ ਮੇਰੇ ਲਈ
ਲੰਗਰ ਬਣਨ ਵਾਲੇ ਮੇਰੇ ਦੋਸਤਾ
ਮੈਨੂੰ ਅਜੇ ਆਵਾਜ਼ ਨਾ ਦਿਆ ਕਰ
ਮੇਰੇ ਹਿੱਸੇ ਦੀ ਦੋ ਘੁੱਟ
ਆਪ ਹੀ ਪੀ ਲਿਆ ਕਰ
ਮੇਰੇ ਹਿੱਸੇ ਦਾ ਦੋ ਪਲ
ਆਪ ਹੀ ਜੀ ਲਿਆ ਕਰ

ਮੇਰੇ ਸੁਪਨਿਓ
ਤੁਸੀਂ ਮੇਰੀ ਥੱਕੀ ਦੇਹ ਨੂੰ
ਹੋਰ ਨਾ ਥਕਾਇਆ ਕਰੋ
ਅਜੇ ਕੁਝ ਦੇਰ ਲਈ
ਮੇਰੀ ਨੀਂਦ ਦੇ ਲਾਗੇ
ਨਾ ਆਇਆ ਕਰੋ

ਮੇਰੇ ਦੋਸਤੋ ਮੇਰੇ ਸੁਪਨਿਓ
ਜਦ ਕਦੇ ਮੈਂ ਵਸਣ ਲੱਗਿਆ
ਤੁਹਾਨੂੰ ਦੱਸਾਂਗਾ
ਜੀਵਨ ਦੇ ਜਸ਼ਨ ਵਿਚ
ਤੁਹਾਨੂੰ ਸੱਦਾਂਗਾ
ਅਜੇ ਮੈਂ ਵਸਦਾ ਨਹੀਂ
ਤੇ ਨਾ ਹੀ ਜੀਉਂਦਾ ਹਾਂ
ਅਜੇ ਮੈਂ ਆਪਣਾ
ਘਰ ਬਣਾ ਰਿਹਾ ਹਾਂ।

## ਘਰ – ੨

ਬਹੁਤ ਰੋਸ਼ਨ ਹੈ
ਮੇਰਾ ਇਹ ਘਰ ਨਵਾਂ
ਚਮਕਦਾਰ ਚੀਜ਼ਾਂ ਨਾਲ ਭਰਿਆ

ਨਜ਼ਰਾਂ ਦਾ ਭਰਪੂਰ ਦ੍ਰਿਸ਼ ਪਰ
ਅੰਦਰ ਦਾ ਖਲਾਅ ਨਹੀਂ ਭਰਦਾ

ਖਾਲੀਪਨ ਤੋਂ ਅੱਕ
ਅੱਖਾਂ ਮੀਟਦਾ ਹਾਂ ਦੇਖਦਾ ਹਾਂ
ਕੱਚੀਆਂ ਕੰਧਾਂ 'ਚ ਘਿਰੇ
ਗਰੀਬੜੇ ਜਿਹੇ ਘਰ ਨੂੰ
ਡਿਓੜੀ ਵਿਹੜਾ ਰਸੋਈ ਦਲਾਨ ਕੋਠੜੀ

ਉਹ ਦਲਾਨ
ਘੁੱਪ ਹਨੇਰਾ ਰਹਿੰਦਾ ਸੀ ਜਿੱਥੇ
ਦਿਨ ਵੇਲੇ ਮੋਘ 'ਚੋਂ ਕਿਰਦੀਆਂ
ਸੂਰਜ ਦੀਆਂ ਕਿਰਨਾਂ
ਕਦੀ ਭੜੋਲੀ ਨੂੰ ਕਦੀ ਸੰਦੂਕ ਨੂੰ
ਤੇ ਕਦੀ ਪਰਛੱਤੀ 'ਤੇ ਪਈਆਂ
ਪਿੱਤਲ ਦੀਆਂ ਗਾਗਰਾਂ ਨੂੰ
ਛੂਹ ਜਾਂਦੀਆਂ ਸਨ ਆਪਣੇ ਨਿੱਘ ਨਾਲ

ਤੇ ਉਹ ਕੋਠੜੀ
ਭਰ ਭਰ ਬਲਦੇ ਦੀਵੇ ਦੀ
ਨਿੱਕੀ ਨਿੱਕੀ ਡੋਲਦੀ ਲੋਅ
ਉੱਥੇ ਪਿਆ ਬੜਾ ਕੁਝ ਦਿਸਦਾ
ਤੇ ਕਿੰਨਾ ਕੁਝ ਹੋਰ ਜੋ ਕਦੇ ਨਾ ਦਿਸਦਾ
ਪਰ ਸਾਨੂੰ ਸੱਭ ਨੂੰ ਪਤਾ ਹੁੰਦਾ
ਵਥੇਰਾ ਕੁਝ ਪਿਆ ਹੈ ਕੋਠੜੀ 'ਚ
ਬਾਬਿਆਂ ਪੜਦਾਦਿਆਂ ਦੇ ਵੇਲੇ ਤੋਂ
ਖਬਰੇ ਦਾਦੇ ਪੜਦਾਦੇ ਵੀ ਉੱਥੇ ਹੀ ਹੋਣ

ਘੱਟੋ ਘੱਟ ਅਸੀਂ ਨਿਆਣੇ ਤਾਂ
ਇਹੀ ਗੱਲ ਮੰਨਦੇ ਸਾਂ

ਹੁਣ ਇਹ ਨਵਾਂ ਨਕੋਰ ਰੋਸ਼ਨ ਘਰ
ਭਰਿਆ ਹੋਇਆ ਵੀ ਖਾਲੀ ਖਾਲੀ
ਯਾਦਾਂ ਤੇ ਕਹਾਣੀਆਂ ਤੋਂ ਵਾਂਝਾ

ਏਥੇ ਤਾਰਿਆਂ ਭਰੇ ਅਸਮਾਨ ਥੱਲੇ
ਦਾਦੀ ਬਾਤਾਂ ਨਹੀਂ ਸੁਣਾਉਂਦੀ
ਨਾ ਹੀ ਤੂਤ ਦੀ ਠੰਡੀ ਛਾਂਵੇਂ
ਵਿਹੜੇ 'ਚ ਬੈਠੀ ਉਹ ਦੱਸੇ:

"ਤੇਰੀ ਵੱਡੀ ਭੂਆ ਦੇ ਵਿਆਹ ਵੇਲੇ
ਉਹ ਪਰਲੀ ਕੰਧ ਪਾਈ ਸੀ
ਨਾਲੇ ਰਸੋਈ ਦੀ ਛੱਤ
ਇਹ ਤੂਤ ਤੇਰੇ ਬਾਬੇ ਨੇ ਲਾਇਆ
ਜਦੋਂ ਤੇਰਾ ਬਾਪੂ ਜੰਮਿਆਂ
ਇਹ ਨਲਕਾ ਤੇਰੇ ਫੌਜੀ ਤਾਏ ਲੁਆਇਆ
ਜਦੋਂ ਉਹ ਆਪਣੀ
ਅਖੀਰਲੀ ਛੁੱਟੀ ਆਇਆ'

ਇਹ ਵੀ ਇਕ ਘਰ ਹੈ
ਉਹ ਵੀ ਇਕ ਘਰ ਸੀ
ਸੀ ਤੋਂ ਹੈ ਦੇ ਸਫਰ 'ਚ
ਕਿੰਨਾ ਬਦਲ ਗਿਆ ਹੈ
ਮੇਰਾ ਘਰ

## ਘਰ – ੩

ਇਹ ਚਮਕਦੀਆਂ ਕੰਧਾਂ
ਇਹ ਦਿਲਫਰੇਬ ਫਰਨੀਚਰ
ਇਹ ਲਿਸ਼ਕਦੀਆਂ ਤਸਵੀਰਾਂ

ਗਰੀਬੀ ਫੇਰ ਵੀ ਤੇਰੇ 'ਤੇ
ਕਲੰਕ ਬਣ ਰਹੇ ਚਿਪਕੀ

ਆਪਣੀ ਤਰਸਮਈ
ਹਾਲਤ ਤਾਂ ਦੇਖ
ਇਹ ਇਕੱਲਤਾ
ਇਹ ਅਲਹਿਦਗੀ
ਘੋਰ ਨਿਰਾਸ਼ਾ 'ਚ ਡੁੱਬੇ
ਤੇਰੀਆਂ ਸ਼ਾਮਾਂ ਸਵੇਰੇ

ਜਨੂੰਨ ਦੀ ਹੱਦ ਤੱਕ
ਇਹ ਸਫਾਈਆਂ
ਇਹ ਸਲੀਕੇਦਾਰੀਆਂ
ਸਦਾ ਲਈ ਭਜਾ ਦਿੱਤੇ ਜਿਨ੍ਹਾਂ
ਸੁੱਖ ਚੈਨ ਬਾਹਰ ਦਰ ਤੋਂ
ਹਰ ਵਕਤ ਅੜਾਂਦੇ
ਤੇਰੇ ਟੀਵੀਆਂ ਸਟੇਰੀਓ
ਸ਼ਾਂਤੀ ਵਿਚਾਰੀ
ਸਾਹ ਲਵੇ ਤਾਂ ਕਿੱਥੇ?

ਨਾ ਮੁਸਕਰਾਉਂਦੇ ਚੇਹਰੇ
ਨਾ ਚੁਟਕਲੇ ਨਾ ਹਾਸੇ
ਨਾ ਕੋਈ ਨਵਾਂ ਸ਼ਬਦ
ਤੇਰੇ ਬੂਹੇ 'ਤੇ ਆਵੇ
ਨਾ ਕੋਈ ਨਵਾਂ ਖਿਆਲ
ਤੇਰਾ ਬਣਦਾ ਪ੍ਰਾਹੁਣਾ

ਓ ਮੇਰੇ ਬਦਨਸੀਬ ਘਰ
ਤੂੰ ਤਾਂ ਭੁੱਲ ਗਿਆ ਏਂ
ਜੀਵਨ ਦੀ ਮੁੱਢਲੀ ਹੀ ਸਿੱਖਿਆ
ਦੋਸਤਾਂ ਤੋਂ ਸੱਖਣੇ ਘਰ
ਹੁੰਦੇ ਦੁਸ਼ਮਣਾਂ ਦੇ ਨਿਸ਼ਾਨੇ

## ਘਰ – ੪

ਮੀਂਹ ਤੋਂ ਬਚਣ ਲਈ
ਅੰਦਰ ਆਏ
ਇਹ ਅੰਦਰ ਹੀ
ਮੰਜ਼ਲ ਬਣ ਗਈ

ਚਾਰ ਦਿਵਾਰੀ ਦੀ ਨੀਂਹ ’ਚ
ਸੀਮਿੰਟ ਪਾਉਣ ਲੱਗਿਆਂ
ਪੈਰ ਪਾਸੇ ਕਰਨ ਦਾ ਵੀ
ਨਾ ਰੱਖਿਆ ਖਿਆਲ

ਹੁਣ ਅੰਦਰੋਂ ਬਾਹਰ
ਪੈਰ ਪੁੱਟਣੋ ਰਹਿ ਗਏ
ਅੰਦਰ ਦੇ ਹੁੰਮਸ ਤੇ ਹਨੇਰੇ ’ਚ
ਇਕ ਦੂਜੇ ਦੇ ਨਹੁੰਦਰਾਂ ਮਾਰੀਏ

ਇਹ ਵੱਖਰੀ ਗੱਲ ਹੈ
ਨਹੁੰਦਰ ਮਾਰਨ ਤੋਂ ਪਹਿਲਾਂ ਨਹੁੰਆਂ ਨੂੰ
ਰੰਗਾਂ ਨਾਲ ਸਜਾਈਏ
ਚਮੜੀ ਨੂੰ ਕਰੀਮਾਂ ਪਾਊਡਰਾਂ ’ਤੇ
ਅਤਰਾਂ ਨਾਲ ਨੁਹਾਈਏ
ਬੜੇ ਤਾਨ ਨਾਲ
ਗਲ਼ ਪਿਆ ਢੋਲ ਬਜਾਈਏ

## ਘਰ – ੫

ਕੀ ਜ਼ਰੂਰੀ ਹੈ
ਅਸੀਂ ਵੀ ਕਾਰ
ਭੀੜ ਮਗਰ ਹੀ ਰੱਖੀਏ
ਤੇ ਉਸੇ ਸਟੋਰ ’ਚ ਜਾਈਏ
ਜਿੱਥੇ ਘਰਾਂ ਅੰਦਰ
ਸੰਗਮਰਮਰ ਲਾਉਣ ਲਈ
ਘਰ ਦੀ ਸ਼ਾਂਤੀ ਵੇਚਣੀ ਪੈਂਦੀ ਹੈ

ਚਲੋ ਕਾਰ ਮੋੜੀਏ
ਝੀਲ ਕੰਢੇ ਖੜ੍ਹੀਏ
ਇਕ ਦੂਜੇ ਦਾ ਹੱਥ ਫੜ੍ਹੀਏ
ਤੇ ਪਾਣੀ ’ ਨੱਚਦੇ
ਪੱਤਿਆਂ ਦੇ ਪਰਛਾਵੇਂ
ਇਕ ਦੂਜੇ ਦੀਆਂ
ਅੱਖਾਂ ’ਚ ਤੱਕੀਏ।

## ਘਰ – ੬

ਬੜਾ ਜ਼ਰੂਰੀ ਹੈ
ਕਾਰ ਅੰਦਰ
ਹਰ ਸੀਟ ਉੱਤੇ
ਸ਼ਾਂਤੀ ਬੈਠੀ ਹੋਵੇ
ਨਹੀਂ ਤਾਂ ਖਤਰਨਾਕ
ਹਾਦਸੇ ਦਾ ਖਦਸ਼ਾ
ਹਰ ਵਕਤ ਹੁੰਦਾ ਹੈ

ਇਸ ਤੋਂ ਪਹਿਲਾਂ ਕਿ
ਵਾਪਰੇ ਖਤਰਨਾਕ ਹਾਦਸਾ
ਕਾਰ ਰੋਕੋ
ਸਾਰੀਆਂ ਸੀਟਾਂ ਦੀ
ਸ਼ਾਂਤੀ ਚੈੱਕ ਕਰੋ
ਲੋੜ ਪੈਣ ’ਤੇ
ਕਿਸੇ ਮੁਸਾਫਰ ਨੂੰ
ਉੱਤਰ ਜਾਣ ਦਿਓ

ਆਖਰ ਨੂੰ ਕਾਰ ਦਾ ਸਫਰ
ਸਫਰ ਹੀ ਤਾਂ ਹੈ
ਕੋਈ ਮੰਜ਼ਲ ਤਾਂ ਨਹੀਂ।

## ਘਰ - ੭

ਮੇਰਾ ਸੁਝਾਅ ਹੈ
ਤੇਜ਼ ਜਾ ਰਹੀ
ਕਾਰ ਨੂੰ ਰੋਕੋ
ਬਾਹਰ ਨਿਕਲੋ
ਘਾਹ 'ਤੇ ਬੈਠੋ
ਲੰਬੇ ਲੰਬੇ ਸਾਹ ਲਵੋ
ਸਾਰੇ ਜਣੇ ਥੋੜ੍ਹੀ ਥੋੜ੍ਹੀ
ਆਕਸੀਜਨ ਖਾਵੋ

ਜੇ ਤੇਜ਼ ਚਲਦੀ ਕਾਰ ਨਾ ਰੁਕੀ
ਤਾਂ ਅਜਿਹਾ ਹਾਦਸਾ ਹੋਵੇਗਾ
ਤੁਸੀਂ ਸਾਰੇ ਜਿਸਮਾਨੀ ਤੌਰ 'ਤੇ
ਵਾਲ਼ ਵਾਲ਼ ਬਚ ਵੀ ਜਾਵੋਗੇ
ਤੁਹਾਡੇ ਘਰ ਦੀ ਮੌਤ
ਅਵੱਸ਼ ਹੋ ਜਾਵੇਗੀ
ਤੇ ਸਾਰੇ ਬਚ ਕੇ
ਸਦਾ ਲਈ ਤੜਪਦੇ ਰਹੋਗੇ।

## ਘਰ – ੮

ਨਦੀਆਂ ਦੇ ਪਾਣੀ
ਕੰਢਿਆਂ ਅੰਦਰ ਵਗਦੇ ਹੀ ਸਜਦੇ ਨੇ
ਤੇ ਸਭ ਨੂੰ ਚੰਗੇ ਲਗਦੇ ਨੇ

ਕਦੀ ਕਦੀ ਪਰ
ਕਿਸੇ ਨਦੀ ਦਾ ਪਾਣੀ
ਆਪਣੀ ਸ਼ਕਤੀ ਦੀ ਸੀਮਾ ਦੇਖਣ ਲਈ
ਜਾਂ ਹੋਰ ਕਿਸੇ ਮਜ਼ਬੂਰੀ ਕਰਕੇ
ਆਪਣੇ ਕੰਢੇ ਤੋੜ ਦਿੰਦਾ ਹੈ
ਅਸੀਂ ਆਪੋ ਆਪਣੇ ਘਰਾਂ ਅੰਦਰ ਵਗਦੇ
ਡੂੰਘੀ ਚਿੰਤਾ ਕਰਦੇ ਹਾਂ
ਆਪਣੇ ਕੰਢੇ ਹੋਰ ਪੱਕੇ ਕਰਦੇ ਹਾਂ।

## ਘਰ – ੯

ਘਰ
ਅੱਜ ਮੇਰੀ ਉਦਾਸੀ ਦਾ
ਕਾਰਨ ਨਾ ਪੁੱਛ

ਜਦ ਦਾ ਜੰਮਿਆਂ
ਬਾਪ ਦਾਦੇ ਦਾ ਘਰ ਹੀ ਨਹੀਂ
ਸਾਰੇ ਪਿੰਡ ਨੂੰ ਵੀ
ਆਪਣਾ ਹੀ ਕਿਹਾ

ਤੇ ਅੱਜ ਮੈਂ ਸੁਣਿਆਂ
ਆਪਣੇ ਪੁੱਤ ਦੇ ਮੂੰਹੋਂ
''ਹਾਂ ਮੈਂ ਇੱਥੇ ਹੀ ਰਹਿੰਦਾ ਹਾਂ
ਇਹ ਮੇਰੇ ਮਾਪਿਆਂ ਦਾ ਘਰ ਹੈ'

ਮੇਰੇ ਪਿਆਰੇ ਘਰ
ਅੱਜ ਤੂੰ ਮੈਥੋਂ
ਮੇਰੀ ਉਦਾਸੀ ਦਾ
ਕਾਰਨ ਨਾ ਪੁੱਛ

## ਘਰ – ੧੦

ਘਰ
ਮੈਂ ਵੀ ਚਾਹੁੰਨਾਂ ਯਕੀਨ ਕਰਨਾ
ਤੇਰਾ ਮੇਰਾ ਰਿਸ਼ਤਾ
ਅਜ਼ਲਾਂ ਤੋਂ ਇੱਕੋ

ਮੈ ਤੈਨੂੰ ਬਾਬਲ ਵਰਗੀਆਂ
ਰੀਝਾਂ ਨਾਲ ਸਿਰਜਦਾ ਹਾਂ
ਤੂੰ ਬਦਲੇ ਵਿਚ
ਮਾਂ ਦੀ ਬੁੱਕਲ ਵਰਗਾ
ਨਿੱਘ ਬਖਸ਼ਦਾ ਏਂ

ਪਰ ਅੱਜ ਕੱਲ੍ਹ
ਅੱਖ ਦੇ ਫੋਰ ’ਚ
ਤੂੰ ਘਰ ਨਹੀਂ ਰਹਿੰਦਾ
ਸਿਰਫ ਮਕਾਨ ਬਣ ਜਾਂਦਾ ਏਂ
ਵੇਚਣ ਖ਼੍ਰੀਦਣ ਵਾਲੀ
ਘਾਟੇ ਤੇ ਮੁਨਾਫੇ ਵਾਲੀ
ਮੰਡੀ ਦੀ ਇਕ ਸ਼ੈਅ
ਮੰਡੀ ਵਿਚ ਕਿਸ ਕੋਲ ਵਕਤ ਹੈ
ਮਰ ਗਏ ਰਿਸ਼ਤਿਆਂ ਦਾ
ਸੋਗ ਮਨਾਵੇ

## ਘਰ – ੧੧

ਘਰ
ਤੂੰ ਤਾਂ ਕਦੇ ਨਹੀਂ ਸੀ ਚਾਹਿਆ
ਕੰਕਰੀਟ ਲੋਹੇ ਤੇ ਸ਼ੀਸ਼ੇ ਦਾ
ਬੇ-ਰੂਹਾ ਬਕਸਾ ਬਣਨਾ

ਮੈਂ
ਕਿ ਜਿਸ ਨੇ ਕੀਤਾ ਹੈ
ਆਪਣੀ ਰੂਹ ਦਾ ਕਤਲ
ਹੁਣ ਤੈਨੂੰ ਆਪਣੇ ਅਕਸ 'ਚ
ਢਾਲਣ ਲਈ ਯਤਨਸ਼ੀਲ ਹਾਂ

ਮੈਨੂੰ ਮੁਆਫ ਕਰੀਂ

## ਘਰ - ੧੨

ਘਰ ਮੈਂ ਤੈਨੂੰ
ਆਪਣੇ ਸੁਪਨੇ 'ਚ
ਢਾਲਦਾ ਢਾਲਦਾ
ਇਕ ਦਿਨ ਤੇਰੇ ਵਿਚ
ਮੁੱਕ ਜਾਵਾਂਗਾ
ਤੂੰ ਮੈਨੂੰ ਨਿੱਘ ਵੀ ਦਿੰਦਾ ਏ
ਮੇਰੀ ਕਬਰ ਵੀ ਬਣੇਂਗਾ
ਤੇਰਾ ਮੇਰਾ ਰਿਸ਼ਤਾ
ਸਦਾ ਤਾਂ ਇੰਜ ਨਹੀਂ ਸੀ?

## ਘਰ – ੧੩

ਮੇਰੀਆਂ ਨਜ਼ਰਾਂ ਦੀ
ਇਬਾਰਤ ਪੜ੍ਹ
ਆਪਣੀ ਤਾਨਾਸ਼ਾਹ ਆਵਾਜ਼ ’ਚ
ਘਰ ਨੇ ਅੰਦਰਲਾ ਭੇਦ ਖੋਲਿਆ

ਮੈਂ ਘਰ ਹਾਂ
ਘਰਾਂ ਦੀ ਤਬੀਅਤ ਖ਼ੂਬ ਜਾਣਦਾ ਹਾਂ
ਜਿੰਨੀਆਂ ਮਰਜ਼ੀ ਸ਼ਿਕਾਇਤਾਂ ਲਾ
ਜਿੰਨਾ ਮਰਜ਼ੀ ਬੇਚੈਨ ਰਹਿ
ਇਕ ਗੱਲ ਯਾਦ ਰੱਖੀਂ
ਇਸ ਘਰੋਂ ਭੱਜੇਂਗਾ
ਤਾਂ ਸਾਰੀ ਉਮਰ ਭੱਜਦਾ ਰਹੇਂਗਾ
ਤੈਨੂੰ ਕਦੇ ਵੀ
ਕਿਸੇ ਵੀ ਘਰ
ਸ਼ਾਂਤੀ ਨਸੀਬ ਨਹੀਂ ਹੋਵੇਗੀ
ਮੈਂ ਘਰ ਹਾਂ
ਘਰਾਂ ਦੀ ਤਾਸੀਰ ਖ਼ੂਬ ਜਾਣਦਾ ਹਾਂ

## ਘਰ – ੧੪

ਘਰ ਹਮੇਸ਼ਾਂ
ਦਿਨ ਢਲੇ ਜਾਣ ਵਾਲੀ
ਜਗ੍ਹਾ ਨਹੀਂ ਹੁੰਦਾ
ਨਾ ਹੀ ਇਸਦਾ ਜੰਮਣ ਭੋਂਅ ਨਾਲ
ਸਦਾ ਕੋਈ ਸਿੱਧਾ ਵਾਸਤਾ
ਕੰਧਾਂ ਦੇ ਵਗਲ ਨਾਲ ਹੀ
ਘਰ ਸਿਰਜਿਆ ਜਾਵੇ
ਇਹ ਜ਼ਰੂਰੀ ਨਹੀਂ
ਘਰ ਵਿੱਚ ਹਮੇਸ਼ਾਂ ਘਰ ਦੇ ਹੀ ਵਸਣ
ਘਰ ਦੀ ਇਹ ਵੀ ਮਜ਼ਬੂਰੀ ਨਹੀਂ
ਨਿੱਘ ਨੀਂਦ ਸੁਪਨੇ
ਨਾ ਬਣਦੇ ਹਰ ਘਰ ਦਾ ਸਮਾਨ
ਜ਼ਰੂਰੀ ਨਹੀਂ ਕਿ ਹਰ ਵਿਹੜ੍ਹੇ ’ਚੋਂ ਦਿਸੇ
ਤਾਰਿਆਂ ਭਰਿਆਂ ਆਸਮਾਨ
ਹਸਦੇ ਮੈਨੂੰ ਵਸਦੇ ਦਿਸਣ ਵਾਲੇ ਘਰ
ਅਸਲ ’ਚ ਕਬਰਾਂ ਹੋ ਸਕਦੇ ਨੇ
ਚੁੱਪ ਚੁਪੀਤੇ ਘਰ ਵੀ ਕਦੇ
ਅੱਗ ਵਰਗੀਆਂ ਖਬਰਾਂ ਹੋ ਸਕਦੇ ਨੇ

ਘਰਾਂ ’ਚ ਰਹਿੰਦਿਆਂ ਅੱਜ ਕੱਲ੍ਹ
ਲਾਜਵਾਬ ਸਵਾਲ ਉੱਗਦੇ ਨੇ
ਘਰ ਕੀ ਹੁੰਦਾ ਹੈ?
ਘਰ ਕਿੱਥੇ ਹੁੰਦਾ ਹੈ?
ਘਰ ਕਿੱਦਾਂ ਬਣਦਾ ਹੈ?

## ਘਰ – ੧੫

ਕੱਲ੍ਹ ਜਦੋਂ
ਬਣ ਰਹੇ
ਘਰ ਦੀਆਂ
ਨੀਹਾਂ ਦੇ ਗਾਰੇ ’ਚ
ਪੈਰ ਖੁੱਭੇ ਸਨ ਮੇਰੇ
ਖਿੱਝ ਗਿਆ ਸਾਂ ਧੁਰ ਤੱਕ

ਫੇਰ ਅਚਾਨਕ
ਖੁਸ਼ੀ ਦਾ ਅਹਿਸਾਸ ਹੋਇਆ
ਘਰ ਦੀ ਮਿੱਟੀ
ਪੈਰਾਂ ਨੂੰ ਲੱਗੀ ਸੀ
ਕੋਈ ਭੁੱਲਿਆ ਵਿਸਰਿਆ
ਜਿਵੇਂ ਅਚਾਨਕ ਮਿਲੇ

ਮੇਰੇ ਪੈਰਾਂ ਨੂੰ ਅਜੇ
ਆਪਣਿਆਂ ਦੀ ਹੈ ਪਛਾਣ
ਇਹ ਜਾਣ ਕੇ
ਹੈਰਾਨ ਸਾਂ ਮੈਂ

## ਘਰ – ੧੯

ਜਿਨ੍ਹਾਂ ਉੱਤੇ ਕਦੀ
ਪੰਛੀ ਬੈਠਦੇ ਸਨ
ਉਹ ਸਾਰੇ ਰੁੱਖ
ਕਟਾ ਦਿੱਤੇ ਹਨ
ਪੰਛੀਆਂ ਨੇ ਮੇਰਾ
ਕੁਝ ਨਹੀਂ ਸੀ ਵਿਗਾੜਿਆ
ਰੁੱਖਾਂ ਨੇ ਮੇਰੇ ਤੋਂ
ਕੁਝ ਨਹੀਂ ਸੀ ਮੰਗਿਆ

ਹੁਣ ਨਵੇਂ ਘਰ ਵਿੱਚ
ਬਣੇ ਛੇਆਂ ਬਾਥਰੂਮਾਂ ਵਿੱਚੋਂ
ਇਕ 'ਚ ਵੀ
ਕਿਸੇ ਪੰਛੀ ਦਾ ਗੀਤ
ਜਾਂ ਪੱਤਿਆਂ ਦੀ ਸਰਸਰਾਹਟ ਦੀ
ਮਿੱਠੀ ਆਵਾਜ਼ ਨਹੀਂ ਸੁਣਦੀ

''ਬਾਜ਼ਾਰ ਵਿਚ
ਆਵਾਜ਼ਾਂ ਦੀਆਂ ਟੇਪਾਂ
ਮਿਲ ਜਾਂਦੀਆਂ ਨੇ'

ਘਰ ਦੀ ਕਿਸੇ ਨੁਕਰੋਂ
ਮੈਨੂੰ ਮਿਲ ਜਾਂਦਾ ਹੈ
ਝੱਟ ਦੇਣੀ ਜਵਾਬ

## ਘਰ - ੧੭

ਉਹ ਕੀੜਿਆ-ਮਕੌੜਿਆ
ਕਿਸ ਤਰ੍ਹਾਂ ਜਾਰਤ ਕੀਤੀ ਤੂੰ
ਸਾਡੇ ਨਵੇਂ ਨਕੋਰ
ਘਰ ਵੜਨੇ ਦੀ?

ਤੇਰਾ ਮੈਂ ਨਾਂ ਤੱਕ ਨਹੀਂ ਜਾਣਦਾ
ਨਾ ਜਾਨਣ ਦੀ ਲੋੜ ਹੈ ਮੈਨੂੰ
ਤੇਰਾ ਨਾਂਅ ਵੀ ਕਿਹੜਾ ਕੋਈ ਅਸਲੀ ਹੋਣਾਂ
ਇਹ ਕਿਹੜਾ ਤੇਰੀ ਮਾਂ ਨੇ ਧਰਿਆ ਹੋਣਾਂ
ਇਕ ਤੇਰਾ ਨਾਂ ਰੱਖਿਆ ਹੋਣਾ ਇੰਡੀਅਨਾਂ
ਜਿਹੜੇ ਖੁਦ ਵਿਚਾਰੇ ਮੇਰੇ ਨਾਂਅ ਨਾਲ
ਜੀਂਦੇ ਰਹੇ ਨੇ ਹੁਣ ਤੱਕ
ਤੇ ਗੋਰਿਆਂ ਨੇ ਤੈਨੂੰ ਕੁਝ ਹੋਰ ਸੱਦਿਆ ਹੋਊ
ਜਿਹਦੇ 'ਚ ਅੱਧੀ ਗਰੀਕ
ਤੇ ਲਾਤਿਨ ਰਲ਼ੀ ਹੋਊ

ਤੂੰ ਬੇਨਾਵਿਆਂ ਬੇਥਾਵਿਆਂ
ਉਏ ਕੀੜਿਆ-ਮਕੌੜਿਆ
ਕਿਹਨੂੰ ਪੁੱਛ ਕੇ ਵੜਿਆਂ
ਸਾਡੇ ਨਵੇਂ ਨਕੋਰ ਘਰ ਅੰਦਰ?

ਭੁੱਲ ਜਾਹ ਭੁੱਲ ਜਾਹ
ਚਲਾ ਜਾਹ
ਪੁਰਾਣੀਆਂ ਦੋਸਤੀਆਂ ਦੇ
ਵਾਸਤੇ ਨਾ ਪਾ
ਇਹ ਨਵਾਂ ਨਕੋਰ ਘਰ ਹੈ
ਏਥੇ ਸਿਰਫ
ਨਵੀਆਂ ਚੀਜ਼ਾਂ ਹੀ ਆਉਣਗੀਆਂ

ਜੇ ਭਲੀ ਚਾਹੁੰਨਾਂ
ਮੁੜ ਕਦੀ ਇੱਧਰ ਮੂੰਹ ਨਾ ਕਰੀਂ

ਅਸੀਂ ਘਰ ਵਿਚ ਰੇਡ ਵਰਗੇ
ਅਮਰੀਕਨ ਹਥਿਆਰ ਵੀ ਰੱਖਦੇ ਹਾਂ
ਭਸਮ ਕਰ ਦਿਆਂਗੇ ਪਲਾਂ ਅੰਦਰ
ਬੇਨਾਵਿਆਂ ਬੇਥਾਵਿਆਂ
ਓਏ ਕੀੜਿਆ-ਮਕੌੜਿਆ
ਹਿੰਮਤ ਕਿਵੇਂ ਹੋਈ ਤੇਰੀ
ਸਾਡੇ ਨਵੇਂ ਨਕੋਰ
ਘਰ ਅੰਦਰ ਵੜਨੇ ਦੀ

ਚਲਾ ਜਾਹ ਚਲਾ ਜਾਹ
ਪੁਰਾਣੀਆਂ ਦੋਸਤੀਆਂ ਦੇ
ਵਾਸਤੇ ਨਾ ਪਾ

## ਘਰ – ੧੮

ਉਨ੍ਹਾਂ ਦਰੱਖਤਾਂ ਤੋਂ ਮੰਗਾਂ ਮੁਆਫੀ
ਮੇਰੇ ਘਰ ਵਾਲੀ ਜਗ੍ਹਾ ਉੱਗਣਾ ਸੀ ਜਿਨ੍ਹਾਂ
ਅਤੇ ਜੋ ਘਰ ਦੀਆਂ ਕੰਧਾਂ ਅਤੇ ਛੱਤ ਲਈ
ਦੇ ਗਏ ਜੀਵਨ ਦੀ ਅਹੂਤੀ

ਪੰਛੀਓਂ ਮੁਆਫ ਕਰਨਾ
ਹੁਣ ਆਲ੍ਹਣੇ ਨਾ ਬਣ ਸਕਣਗੇ ਤੁਹਾਡੇ

ਉਹ ਸਾਰੇ ਮਨਮੋਹਣੇ ਜੰਗਲੀ ਫੁੱਲ ਵੀ ਬਖਸ਼ਣ
ਜਿਨ੍ਹਾਂ ਇਸ ਪਹਾੜੀ ਦਾ ਬਣਨਾ ਸੀ ਸ਼ਿੰਗਾਰ

ਨੱਚਦੇ ਟੱਪਦੇ ਫਿਰਨਾ ਸੀ ਘਾਹ ਚੁਗਦਿਆਂ ਜਿਨ੍ਹਾਂ
ਸਾਰੇ ਮਾਸੂਮ ਜਾਨਵਰਾਂ ਦਾ ਮੈਂ ਹਾਂ ਗੁਨਾਹਗਾਰ

ਏਥੇ ਵਗਦੀ ਨਦੀ ’ਚ ਕਦੇ
ਆਂਡੇ ਦੇਣ ਆਉਣਾ ਸੀ ਜਿਨ੍ਹਾਂ
ਉਨ੍ਹਾਂ ਮੱਛੀਆਂ ਤੋਂ ਵੀ ਸ਼ਰਮਸਾਰ

ਮੈਂ ਸਾਰੇ ਕੀੜਿਆਂ-ਮਕੌੜਿਆਂ ਤੋਂ ਮੰਗਦਾ ਮੁਆਫੀ

ਤੁਹਾਡੇ ਸਾਰਿਆਂ ਦੇ ਘਰਾਂ ਦਾ
ਕਰਕੇ ਸਦਾ ਲਈ ਸਫਾਇਆ
ਕੰਕਰੀਟ ਤੇ ਲੋਹੇ ਦਾ
ਮੈਂ ਆਪਣਾ ਘਰ ਹੈ ਬਣਾਇਆ

## ਸੈਰ ਗਏ ਨੂੰ

ਸੈਰ ਗਏ ਨੂੰ ਘਾਹ ਪੁੱਛਦਾ ਹੈ
ਨਾ ਕਦੀ ਬੈਠ ਕੇ ਦੁੱਖ ਸੁੱਖ ਕਰਦਾਂ
ਨਾ ਕੋਈ ਬੋਲ ਗੁਣਗੁਣਾਵੇਂ
ਕਦੀ ਕਦਾਈਂ ਹਫਦਾ ਆਵੇਂ
ਤੇ ਹਫਦਾ ਤੁਰ ਜਾਵੇਂ

ਕੀ ਸੱਚ ਮੁੱਚ ਤੈਨੂੰ ਚੇਤਾ ਨਹੀਂ ਰਿਹਾ
ਯਾਰਾਂ ਨਾਲ ਮਾਰੀਆਂ ਗੱਪਾਂ
ਮਹਿਬੂਬ ਨਾਲ ਗਾਏ ਨਗਮੇ
ਤੇਰੇ ਜੀਵਨ ਦੇ ਸਾਰੇ ਮਿੱਠੇ ਸੋਹਣੇ ਪਲ
ਮੇਰੇ ਉੱਤੇ ਬੈਠਿਆਂ
ਮੇਰੀਆਂ ਤਿੜ੍ਹਾਂ ਨਾਲ ਖੇਡਦਿਆਂ ਬੀਤੇ
ਮੇਰੇ ਕੋਲੋਂ ਇੰਜ ਪਰਾਇਆ ਹੋ ਚੁੱਕਿਆਂ ਤੂੰ
ਖੁਦ ਕੋਲੋਂ ਕੋਈ ਜਿਵੇਂ ਪਰਾਇਆ ਹੋ ਜਾਵੇ

ਡੰਡੀਆਂ 'ਤੇ ਤੁਰਦਿਆਂ
ਕਰਦੇ ਰੁੱਖ ਸ਼ਿਕਾਇਤ
ਨਾ ਕਦੀ ਸਾਡਾ ਨਾਂਅ ਪੁੱਛਦਾ ਏਂ
ਨਾ ਕਦੀ ਦੱਸਦਾਂ ਆਪਣਾ
ਕੀ ਤੇਰਾ ਦਿਲ ਨਹੀਂ ਕਰਦਾ
ਸਾਨੂੰ ਜਾਨਣ ਦਾ
ਕੀ ਹੋਇਆ ਜੇ ਗੁਜ਼ਰਿਆ ਤੇਰਾ ਬਚਪਨ
ਟਾਹਲੀਆਂ ਸ਼ਹਿਤੂਤਾਂ ਤੇ ਅੰਬਾਂ ਨਾਲ
ਕੀ ਹੁਣ ਕੋਈ ਆਪਣੀ ਸਾਂਝ ਨਾ ਬਣਸੀ?
ਸਾਡੇ ਮਨ ਵਿਚ ਤੇਰੇ ਬਾਰੇ
ਕੋਈ ਮੇਰ ਤੇਰ ਨਾ
ਤੂੰ ਤਾਂ ਮਾਣਸ ਗੁਰੂਆਂ ਰੱਬਾਂ ਵਾਲਾ
ਤੂੰ ਕਿਉਂ ਸਾਨੂੰ ਬੇਗਾਨੀ ਨਜ਼ਰੇ ਦੇਖੇਂ?

ਹਵਾ ਆਖਦੀ
ਕਿਹੋ ਜਿਹੀ ਤੂੰ ਜ਼ਿੰਦਗੀ ਜੀਊਂਦਾਂ

ਕਿਹੋ ਜਿਹੇ ਸਾਹ ਤੂੰ ਲੈਂਦਾਂ
ਮੇਰੇ ਰਾਹੀਂ ਤੇਰੇ ਵੱਲ
ਨਾ ਕੋਈ ਭੇਜੇ ਸੁੱਖ ਸੁਨੇਹਾ
ਨਾ ਕੋਈ ਯਾਦ ਪੁਰਾਣੀ
ਤੇਰਾ ਮੇਰਾ ਰਿਸ਼ਤਾ
ਕੱਲਾ ਸਾਹ ਦਾ ਰਿਸ਼ਤਾ ਨਾ ਸੀ

ਸੈਰ ਗਏ ਨੂੰ
ਹਵਾ ਆਖਦੀ
ਘਾਹ ਪੁੱਛਦਾ ਹੈ
ਕਰਦੇ ਰੁੱਖ ਸ਼ਿਕਾਇਤ

## ਚਿੱਟੀ ਪਰੀ

ਨੀ ਚਿੱਟੀਏ ਪਰੀਏ
ਤੂੰ ਅੰਬਰਾਂ ਤੋਂ ਝੂਲਦੀ ਆਵੇਂ
ਆਪਣੇ ਡੁੱਲ ਡੁੱਲ ਪੈਂਦੇ ਰੂਪ ਦਾ
ਹਰ ਪਾਸੇ ਚਿੱਟਾ ਜਾਦੂ ਚਲਾਵੇਂ
ਘਰਾਂ ਦੀਆਂ ਛੱਤਾਂ ’ਤੇ ਪਈ ਹੋਵੇਂ
ਜਾਂ ਅਣਗਾਹੀਆਂ ਸੜਕਾਂ ’ਤੇ
ਪਹਾੜਾਂ ਦੀਆਂ ਟੀਸੀਆਂ ’ਤੇ ਹੋਵੇਂ
ਜਾਂ ਹੌਲੀ ਹੌਲੀ ਝੂਲਦੇ ਪੱਤਿਆਂ ’ਤੇ
ਚੜ੍ਹਦੀ ਜਵਾਨੀ ਵੇਲੇ
ਆਪਣੇ ਹੁਸਨ ਅੱਗੇ ਹਰ ਅੱਖ ਝੁਕਾਵੇਂ

ਨੀ ਚਿੱਟੀਏ ਪਰੀਏ
ਸੁਣਿਆਂ ਤੇਰੇ ਹਿਰਦੇ ’ਚ ਕਿਧਰੇ
ਨਿੱਘ ਛੁਪਿਆ ਹੈ
ਮੈਂ ਤਾਂ ਤੇਰੀ ਵੱਲ ਦੇਖਦਾ ਹੀ
ਧੁਰ ਅੰਦਰ ਤੱਕ ਠਰ ਜਾਂ
ਮੇਰੇ ਲਈ ਤੂੰ ਇਕ ਅਜਨਬੀ ਸ਼ੈਅ
ਦੂਰੋਂ ਦੂਰੋਂ ਦੇਖਣ ਵਾਲੀ

ਮਨ ’ ਅਨੇਕਾਂ ਅਣਜਾਣ ਭੈਅ
ਤੇਰੀ ਸਿਫਤ ਕਰਨੋਂ ਵੀ ਡਰਾਂ
ਤੈਨੂੰ ਪੁਕਾਰਨ ਲਈ
ਪੱਲੇ ਢੁੱਕਵੇਂ ਸ਼ਬਦ ਵੀ ਨਾ
ਬਰਫਵਾਰੀ ਹਿਮਪਾਤ
ਤੇਰੀ ਆਮਦ ਲਈ ਵਰਤਾਂ
ਇਹ ਤੇਰੇ ਨਾਲ ਕਰਦੇ ਰਤਾ ਇਨਸਾਫ ਨਾ
ਜੀਅ ਕਰੇ ਐਸਕੀਮੋ ਬੋਲੀ ਸਿੱਖਾਂ
ਤੇਰੀ ਹਰ ਅਦਾਅ ਅੱਗੇ
ਸ਼ਬਦਾਂ ਦੀਆਂ ਡਾਰਾਂ ਬੰਨ੍ਹ ਦਿਆਂ

ਤੈਨੂੰ ਜਾਨਣ ਵਾਲੇ

ਬੜੀਆਂ ਖੇਡਾਂ ਖੇਡਣ
ਤੇਰੇ ’ਤੇ ਲਿਟਣ ਖਰਮਸਤੀਆਂ ਕਰਨ
ਨਿੱਕੇ ਨਿੱਕੇ ਗੋਲ਼ੇ ਬਣਾ
ਇਕ ਦੂਜੇ ਦੇ ਝੂਠੀ ਮੂਠੀ ਮਾਰਨ
ਤੇਰੇ ’ਚੋਂ ਬੰਦਿਆਂ ਦੇ ਬੁੱਤ ਘੜਨ
ਕਦੇ ਪਹਾੜਾਂ ’ਤੇ ਚੜ੍ਹ ਥੱਲੇ ਨੂੰ
ਤੇਰੀ ਹਿੱਕ ਤੋਂ ਫਿਸਲਨ

ਮੈਨੂੰ ਤਾਂ ਕਾਂਬਾ ਛਿੜੇ
ਤੇਰੇ ਨੇੜੇ ਜਾਂਦਿਆਂ ਹੀ
ਤੇਰੇ ਨਾਲ ਖੇਡਣ ਨੂੰ
ਤੇਰੇ ਤੋਂ ਫਿਸਲਣ ਲਈ
ਮਨ ਨਾ ਮਚਲੇ
ਜਿੱਦਾਂ ਮੋਹਲੇਧਾਰ ਮੀਂਹ ’ਚ
ਕੱਚੀਆਂ ਗ਼ਲੀਆਂ ’ਚ
ਟੱਪਣ ਨੂੰ ਮਚਲਦਾ ਸੀ

ਨੀ ਚਿੱਟੀਏ ਪਰੀਏ
ਸੁਣਿਆਂ ਤੇਰੇ ਹਿਰਦੇ ’ਚ
ਬੜਾ ਨਿੱਘ ਛੁਪਿਆ ਹੈ
ਮੈਂ ਤਾਂ ਤੈਨੂੰ ਦੇਖਦਾ ਹੀ
ਧੁਰ ਅੰਦਰ ਤੱਕ ਠਰ ਜਾਂ

## ਸੁਰਾਹੀ

ਆਪਣੇ ਆਪ ਤੋਂ
ਦੂਰ ਜਾਣ ਲਈ
ਜੰਗਲਾਂ ਪਹਾੜਾਂ
ਨਦੀਆਂ ਨਾਲਿਆਂ
ਸਮੁੰਦਰੀਂ ਕਿਨਾਰਿਆਂ
'ਤੇ ਜਦ ਵੀ ਤੁਰਿਆਂ ਹਾਂ
ਕਦੇ ਪੱਤਿਆਂ 'ਤੇ ਪੈਂਦੇ ਮੀਂਹ ਨੇ
ਰੇਤ ਨਾਲ ਖੇਲਦੀਆਂ ਛੱਲਾਂ ਨੇ
ਮੈਨੂੰ ਮੇਰੇ ਵੱਲ ਮੋੜਿਆ ਹੈ
ਵਾਪਸ ਪਰਤਿਆ ਹਾਂ
ਸਦਾ ਸ਼ਾਂਤ ਚਿੱਤ
ਮੋਹ ਭਰਿਆ

ਇਕੱਲੇ ਦਿਸਦੇ ਰੁੱਖ
ਇਹ ਪੱਤੇ ਇਹ ਪੰਛੀ
ਨਦੀਆਂ ਦੇ ਸ਼ਾਂਤ ਪਾਣੀ
ਸਮੁੰਦਰ ਦੀਆਂ ਨੱਚਦੀਆਂ ਛੱਲਾਂ
ਬੜੀਆਂ ਪਿਆਰ ਦੀਆਂ ਜਾਣਦੇ ਨੇ ਗੱਲਾਂ
ਦੱਸਣ ਦੇ ਵੀ ਇਨ੍ਹਾਂ ਦੇ ਆਪਣੇ ਤਰੀਕੇ
ਤੁਸੀਂ ਬਿਨ ਸੁਣਿਆਂ ਬਿਨ ਦੇਖਿਆਂ
ਸਮਝ ਜਾਂਦੇ ਹੋ ਸਭ ਰਮਜ਼ਾਂ
ਨਵੇਂ ਚਾਵਾਂ ਨਾਲ ਭਰੇ
ਮੁੜਦੇ ਹੋ ਵਾਪਸ

## ਪੁਸਤਕਾਂ

ਪੁਸਤਕਾਂ
ਸਿਰਫ ਜਨਮ ਲੈਂਦੀਆਂ
ਇਹ ਦੇਖੀਆਂ ਕਿਸੇ ਨਾ ਮਰਦੀਆਂ

ਨਿੱਤ ਨਵੀਂਆਂ ਪੁਸ਼ਾਕਾਂ ਨਿੱਤ ਨਵੇਂ ਫੈਸ਼ਨ
ਛੈਲ ਛਬੀਲੀਆਂ ਬਾਂਕੀਆਂ ਰਕਾਨਾਂ
ਮਨਮੋਹਣੀਆਂ ਟੂਣੇ ਹਾਰੀਆਂ
ਦਿਲਾਂ 'ਤੇ ਜਾਦੂ ਕਰਦੀਆਂ

ਜਗ ਅੰਦਰ ਬੇਸ਼ੁਮਾਰ ਪੁਸਤਕਾਂ
ਪੁਸਤਕਾਂ ਅੰਦਰ ਬੇਸ਼ੁਮਾਰ ਜਗ
ਇਹ ਸ਼ਬਦਾਂ ਦਾ ਰਹਿਣ ਵਸੇਰਾ
ਖਿਆਲਾਂ ਦੀਆਂ ਆਰਕਾਈਵ ਨੇ
ਇਨ੍ਹਾਂ ਅੰਦਰ ਇਨਕਲਾਬੀ ਭਾਂਬੜ
ਚੁੱਪ ਚੁਪੀਤੇ ਪਏ ਰਹਿੰਦੇ ਨੇ
ਇਹ ਨਵੇਂ ਰਾਹ ਦਰਸਾਉਂਦੀਆਂ
ਪੁਰਾਣੇ ਰਾਹਾਂ ਦੀ ਬਾਤ ਪਾਉਂਦੀਆਂ

ਆਪਣੀ ਵੇਲ ਵਧਾਵਣ ਲਈ
ਆਪਣੇ ਬੀਜ ਉਗਾਵਣ ਲਈ
ਜਿਸ ਮਨ ਵੜ ਜਾਣ
ਉਸ ਦਾ ਪਿੱਛਾ ਕਦੇ ਨਾ ਛੱਡਦੀਆਂ

ਬਾਹਰ ਆਉਣ ਲਈ ਤਤਪਰ
ਮੇਰੇ ਅੰਦਰ ਵੀ ਨੇ ਪੁਸਤਕਾਂ
ਜਣੇਪੇ ਦੀਆਂ ਪੀੜਾਂ ਤੋਂ ਡਰਾਂ
ਇਨ੍ਹਾਂ ਨੂੰ ਰੋਕਾਂ ਡਰਾਵਾਂ
ਇਕ ਪੁਸਤਕ ਨੂੰ ਮੱਥਾ ਟੇਕਦੇ ਲੋਕ
ਕਦੋਂ ਪੜ੍ਹਨਗੇ ਤੁਹਾਨੂੰ?

ਇੰਝ ਡਰਾਇਆ ਇਹ ਨਾ ਡਰਦੀਆਂ

ਇੰਝ ਰੋਕਿਆਂ ਇਹ ਨਾ ਰੁਕਦੀਆਂ

ਪੁਸਤਕਾਂ
ਅਮਰ ਸਦੀਵ ਅਵਿਨਾਸ਼ੀ
ਦੇਖੀਆਂ ਕਿਸੇ ਨਾ ਮਰਦੀਆਂ
ਇਹ ਮਨਮੋਹਣੀਆਂ ਟੂਣੇ ਹਾਰੀਆਂ
ਦਿਲਾਂ 'ਤੇ ਜਾਦੂ ਕਰਦੀਆਂ

## ਤੇਰੇ ਜ਼ਖਮ ਮੇਰੀ ਪੀੜ

ਕਾਸ਼!
ਸੁਹਾਗ ਰਾਤ ਨੂੰ ਵੀ
ਅਸੀਂ ਜੰਮਣ ਸਮੇਂ ਵਾਂਗ ਨਿਰਵਸਤਰ ਹੁੰਦੇ

ਅਸੀਂ ਆਪੋ ਆਪਣੇ ਹਿੱਸੇ ਆਏ
ਵਿਰਸੇ ਦੇ ਜੰਗੀ ਬਾਣੇ 'ਚ
ਇਕ ਦੂਜੇ ਨੂੰ ਜਿੱਤਣ ਨਾ ਚੜ੍ਹੇ ਹੁੰਦੇ

ਮੈਂ ਆਦਮੀ ਦੀ ਚੌਧਰ ਵਾਲੇ
ਲਿਸ਼ਕਦੇ ਮਾਰੂ ਟੈਂਕ 'ਤੇ ਸਵਾਰ ਸਾਂ
ਮੇਰੇ ਜੰਗੀ ਵਸਤਰਾਂ 'ਤੇ ਚਮਕਦੇ ਸਨ
ਮੇਰੀਆਂ ਜਿੱਤਾਂ ਦੇ ਤਗਮੇ
ਸਾਰੀ ਸ਼ਾਨੋ ਸ਼ੌਕਤ ਵਿਚੋਂ
ਸਿਰਫ ਮੈਂ ਹੀ ਗਾਇਬ ਸਾਂ

ਤੇ ਤੂੰ
ਆਪਣੇ ਜਿਸਮ 'ਤੇ ਸਜਾ ਰੱਖੇ ਸਨ
ਹਲੀਮੀ, ਨਿਮਰਤਾ, ਤਾਬਿਆਦਾਰੀ
ਤੇਰੇ ਹਿੱਸੇ ਦੀ ਸੰਸਕ੍ਰਿਤੀ ਵਲੋਂ
ਤੈਨੂੰ ਹਿਦਾਇਤ ਸੀ
ਆਪਣੇ ਹਥਿਆਰਾਂ ਨਾਲ
ਮੇਰੇ ਅੱਗ ਵਰਸਾਉਂਦੇ ਬਾਣਾਂ 'ਤੇ ਵਿਜੇ ਪਾਵੇਂ
ਇਹਨਾਂ ਹਥਿਆਰਾਂ ਨੂੰ ਸਾਂਭਦੀ
ਸਿਤਾਰਿਆਂ ਭਰੀ ਸਾੜ੍ਹੀ 'ਚ ਲਿਪਟੀ
ਮੇਰੇ ਵਾਂਗ ਤੂੰ ਵੀ ਗੈਰ ਹਾਜ਼ਰ ਸੀ
ਆਪਣੀ ਹੀ ਜ਼ਿੰਦਗੀ ਦੇ ਜਸ਼ਨ ਵਿਚੋਂ
ਇੰਝ ਬਣਨਾ ਹੀ ਸੀ ਸਾਡੀ ਸੇਜ ਨੇ
ਇਕ ਹਾਸੋ-ਹੀਣਾ ਜੰਗੀ ਮੈਦਾਨ
ਤੇ ਉਸ ਵਿਚ ਸਦਾ ਵਾਂਗ
ਜ਼ਖ਼ਮੀ ਤੂੰ ਹੀ ਹੋਣਾ ਸੀ
ਤੇ ਹੋਈ

ਮੇਰੇ ਸਾਹਾਂ 'ਚੋਂ ਆਉਂਦੀ ਬਦਬੂਅ
ਤੇਰੇ ਲਈ ਅਸਹਿ ਹੋਵੇਗੀ
ਨਾ ਜਾਨਣ ਦੀ ਹੋਸ਼ ਸੀ ਮੈਨੂੰ ਨਾ ਲੋੜ
ਇਹ ਬਬੇਹੋਸ਼ੀ ਸਿਰਫ ਪੀਤੇ ਨਸ਼ੇ ਦੀ ਹੁੰਦੀ
ਇਕੋ ਵਾਰ ਹੀ ਵਾਪਰਨਾ ਸੀ ਇਹ ਹਾਦਸਾ

ਜੇ ਮੈਂ ਸਿਰਫ ਲਿਸ਼ਕਦੀ ਤਲਵਾਰ ਹੀ ਹੁੰਦਾ
ਮੇਰੇ 'ਤੇ ਲੱਗਿਆ ਤੇਰਾ ਖ਼ੂਨ
ਹੌਲੀ ਹੌਲੀ ਸੁੱਕ ਜਾਣਾ ਸੀ
ਤੇ ਮੇਰੇ ਲਈ
ਤੇਰੇ ਜ਼ਖਮਾਂ ਦਾ ਝੰਝਟ ਮੁੱਕ ਜਾਣਾ ਸੀ

ਪਰ ਜ਼ਖਮ ਕਿਹੋ ਜਿਹੇ ਵੀ ਹੋਣ
ਪੀੜ ਮਰਿਆ ਨਹੀਂ ਕਰਦੀ
ਨਿਰੰਤਰ ਸਫਰ ਕਰਦੀ ਹੈ

ਤੂੰ ਜੋ ਹੁਣ
ਆਪਣੇ ਜਿਸਮ 'ਤੇ ਸਜਾਏ ਹਥਿਆਰ
ਲਾਹ ਕੇ ਸੁੱਟਣੇ ਸ਼ੁਰੂ ਕੀਤੇ ਹਨ
ਤੇ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ
ਬਰਾਬਰ ਦਿਆਂ ਵਾਂਗ ਝਾਕਿਆ ਹੈ
ਆਦਮੀ ਦੇ ਰੁਤਬੇ ਨੂੰ ਵੰਗਾਰਿਆ ਹੈ
ਏਸੇ ਨਾਲ ਸ਼ੁਰੂ ਹੋਈ ਹੈ
ਮੇਰੀ ਵੀ ਆਪਣੇ ਹਥਿਆਰਾਂ ਤੋਂ
ਮੁਕਤ ਹੋਣ ਦੀ ਪ੍ਰਕ੍ਰਿਆ

ਜਿਉਂ ਜਿਉਂ ਮੈਂ
ਨਿਰਵਸਤਰ ਹੋ ਰਿਹਾਂ
ਮੇਰੇ 'ਚ ਮੁੜ ਰਹੀ ਹੈ
ਦਰਦ ਨੂੰ ਮਹਿਸੂਸਣ ਦੀ ਯੋਗਤਾ
ਤੇਰੇ ਜੁੱਗਾਂ ਤੋਂ ਹੋਏ ਜ਼ਖਮਾਂ ਦੀ ਪੀੜ ਨਾਲ
ਮੈਂ ਹੁਣੇ ਤੜਪਿਆਂ ਹਾਂ

## ਮੈਂ ਤੇ ਮੇਰਾ ਪਰਛਾਵਾਂ

ਏਨੀ ਨੇੜਤਾ ਹੋਣ ’ਤੇ ਵੀ
ਆਪਣੇ ਪਰਛਾਵੇਂ ਨਾਲ
ਘੱਟ ਹੀ ਬਣਦੀ ਹੈ ਮੇਰੀ

ਮੈਨੂੰ ਛਿਕਵਾ ਹੈ
ਹਨੇਰਿਆਂ ’ਚ ਸਾਥ ਦੀ ਲੋੜ ਵੇਲੇ
ਉਹ ਮੇਰੇ ਨਾਲ ਨਾ ਚੱਲੇ

ਉਹਨੂੰ ਗਿਲਾ ਹੈ
ਮੈਂ ਸੂਰਜ ਵੱਲ ਮੂੰਹ ਕਰਕੇ
ਕਿਉਂ ਤੁਰਦਾ ਹਾਂ

## ਨਿੱਕੀਆਂ ਕਵਿਤਾਵਾਂ

### ਆਜ਼ਾਦੀ

ਬਾਹਰ ਵਿਕੇਂਦੀ ਹਰ ਸ਼ੈਅ
ਹੈ ਖੀਸੇ 'ਚ ਹਿੰਮਤ
ਤਾਂ ਖ਼ੀਦ ਲੈ

### ਕੁਰਬਾਨੀ

ਜੀਵਨ ਦੇ ਕੁਝ ਉਹ ਪੱਲ
ਜਿਨ੍ਹਾਂ 'ਚੋਂ ਬੰਦੇ
ਮੈਂ ਗਾਇਬ ਹੋਵੇ

### ਮਜ਼ਦੂਰੀ

ਉਹ ਸਵਾਰੀ ਜਿਸ 'ਤੇ ਚੜ੍ਹ
ਅਸੀਂ ਬਾਂਦਰ ਤੋਂ ਬੰਦੇ ਤੱਕ
ਸਫਰ ਤਹਿ ਕੀਤਾ

### ਘੜੀ

ਚਾਅ ਨਾਲ ਨਰਮ ਗੁੱਟ 'ਤੇ ਬੰਨ੍ਹੀ
ਹੁਣ ਹੈਰਾਨੀ ਨਾਲ ਦੇਖਾਂ
ਇਹ ਘੜੀ ਹੈ ਜਾਂ ਕੜੀ

### ਬਟੂਆ

ਨਵਾਂ ਲੈ ਲਵਾਂ ਜਦੋਂ ਵੀ ਥੱਕੇ
ਜੇਬ 'ਚ ਪਿਆ ਬਟੂਆ
ਇਹਨੇ ਵੀ ਘੱਟ ਨਹੀਂ ਕਰਨੀ
ਜਦੋਂ ਮੈਂ ਥੱਕਿਆ

### ਠੰਢ

ਪੀ ਲਓ ਇਕ ਦੋ ਘੁੱਟਾਂ ਰੰਮ ਦੀਆਂ
ਕੀ ਕਰੋਗੇ ਆਉਣ ਵਾਲੇ ਕੱਲ੍ਹ ਦਾ ਮੁਕਾਬਲਾ
ਪੈ ਰਹੀ ਬਰਫ 'ਚ ਸੋਚ ਜੇ ਠਰ ਗਈ ਤੁਹਾਡੀ

### ਸ਼ਬਦਾਂ ਦੀ ਕਰਾਮਾਤ

ਜਦੋਂ ਕੋਈ ਚਾਰਾ ਨਾ ਰਹੇ
ਹਾਲਤ ਬਦਲੀ ਨਾ ਜਾ ਸਕੇ
ਹਾਲਤ ਦਾ ਕੋਈ ਹੋਰ ਨਾਂਅ ਧਰ ਦਿਓ

## ਉਦੋਂ ਤੇ ਹੁਣ

ਮੈਂ ਤਾਂ ਚਾਹਿਆ ਸੀ
ਸਟਰਾਅਬੇਰੀ ਦੀਆਂ ਪਾਲਾਂ 'ਚ ਘਿਸਰਦੇ
ਬੁੱਢੇ ਗੋਡਿਆਂ ਵਿਚਲੀ ਪੀੜ ਦੀ ਬਾਤ ਪਾਵਾਂ

ਮੈਂ ਤਾਂ ਚਾਹਿਆ ਸੀ
ਦੁਨੀਆਂ ਭਰ ਦੇ ਹਵਾਈ ਅੱਡਿਆਂ 'ਤੇ
ਸਫਾਈ ਕਰਦੇ ਗੈਰ-ਚਿੱਟੇ ਲੋਕਾਂ ਦੀਆਂ
ਦੁੱਖਦੀਆਂ ਪਿੱਠਾਂ ਦੀ ਗਾਥਾ ਗਾਵਾਂ

ਮੈਨੂੰ ਦੱਸਿਆ ਗਿਆ:
ਬੰਦ ਕਰ ਇਹ ਸ਼ਿਕਾਇਤਾਂ
ਸਾਨੂੰ ਆਪਣੇ ਬਚਪਨ ਬਾਰੇ ਦੱਸ
ਆਪਣੇ ਅਲੌਕਿਕ ਇੰਡੀਆ ਬਾਰੇ
ਓ! ਕਿੰਨਾ ਵਿਚਿੱਤਰ ਹੋਵੇਗਾ
ਅਜਿਹੇ ਮੁਲਕ ਵਿਚ ਜੰਮਣਾ ਪਲਣਾ
ਜਿੱਥੇ ਕਣ ਕਣ ਵਿਚ ਛੁਪੀਆਂ
ਪੌਰਾਣਿਕ ਕਥਾਵਾਂ
ਦੁਨੀਆਂ ਭਰ ਦਾ ਰਹੱਸ
ਜਿਸਦੇ ਸਾਹਾਂ 'ਚ ਹੋਵੇ

ਹੁਣ ਜਦ ਤੁਸੀਂ ਪੁੱਛ ਹੀ ਲਿਆ
ਤਾਂ ਦੱਸਣ 'ਚ ਖੁਸ਼ੀ ਹੈ ਮੈਨੰ'ਚ ਖੁਸ਼ੀ ਹੈ ਮੈਨੂੰ
ਉਸ ਛੋਟੇ ਜਿਹੇ ਪਿੰਡ 'ਚ
ਜੀਵਨ ਦੇ ਪਹਿਲੇ ਸਬਕ ਸਿੱਖਣੇ
ਆਪਣੇ ਆਪ ਵਿਚ ਬੇਮਿਸਾਲ
ਮੈਂ ਤਾਂ ਕਦੇ ਵੀ ਕਿਤੇ ਵੀ ਹੋਰ
ਜੰਮਣ ਦੀ ਚੋਣ ਨਾ ਕਰਾਂ

ਬਚਪਨ ਤੋਂ ਜਵਾਨੀ ਵੱਲ ਪੈਰ
ਅਨੂਠਾ ਤਜਰਬਾ ਹੋਰ ਕਿਤੇ ਨਾ ਸੰਭਵ

ਫੱਗਣ ਚੇਤ ਦੀ
ਨਿੱਘੀ ਨਿੱਘੀ ਮਹਿਕਦੀ ਧੁੱਪ
ਕਣਕ ਦੇ ਸੁਨਹਿਰੀ ਖੇਤ
ਸਰ੍ਹੋਂ ਦੇ ਫੁੱਲਾਂ ਸਜਾਏ
ਸਾਗ ਤੋੜਨ ਦੇ ਬਹਾਨੇ
ਲਾਲ ਸੂਟ ਪਾ ਕੇ
ਬਣ ਠਣ ਸੱਜਣਾਂ ਦਾ ਆਉਣਾ
ਲੁਕ ਛਿਪ ਖੇਡਣੀਆਂ
ਪਹਿਲੇ ਪਹਿਲੇ ਪਿਆਰ ਦੀਆਂ ਖੇਡਾਂ
ਉਹਨੇ

ਪਰ ਯਾਰ!
ਇਹ ਤਾਂ ਉਦੋਂ ਦੀ ਗੱਲ
ਤੇ ਹੈ ਵੀ ਮਸੀਂ ਅੱਧੀ ਕੁ ਸੱਚ
ਪੂਰੀ ਸੱਚ ਹੁੰਦੀ ਤਾਂ ਕਾਹਨੂੰ ਆਉਣਾ ਸੀ
ਮੇਰੇ ਪਿੰਡ ਦਿਆਂ ਲੋਕਾਂ
ਏਥੇ ਫਾਰਮਾਂ ’ਚ ਬੇਰੀਆਂ ਤੋੜਨ

ਮੈਂ ਤਾਂ ਹੁਣ ਦੀ ਗੱਲ ਕਰਨੀ ਚਾਹਾਂ
ਹਵਾਈ ਅੱਡੇ ’ਤੇ ਕੰਮ ਕਰਦੀ ਮੇਰੀ ਭੈਣ ਲਈ
ਕਿੰਨਾ ਮੁਸ਼ਕਲ ਹੈ ਫਰਕ ਦੱਸਣਾ
ਕੰਪਨੀ ਦੇ ਬਾਸ ਤੇ ਯੂਨੀਅਨ ਦੇ ਬੰਦੇ ’ਚ
ਕਨੱਕਸ ਦੀ ਹਾਕੀ ਜਾਂ
ਲਾਇਨਜ਼ ਦਾ ਫੁੱਟਬਾਲ ਦੇਖਣ
ਉਹ ਦੋਵੇਂ ਮਿਲ ਕੇ ਹੀ ਜਾਂਦੇ
ਬਹਿ ਕੇ ਕੰਪਨੀ ਦੇ ਬੂਥ ’ਚ
ਬੀਅਰ ਪੀਂਦੇ ਤਲਿਆ ਮੁਰਗਾ ਖਾਂਦੇ
ਉਸ ਪੈਸੇ ਨਾਲ ਖ਼੍ਰੀਦ
ਮੇਰੀ ਭੈਣ ਜੋ ਕਮਾਵੇ

ਤੇ ਮੇਰੇ ਲਈ ਕਿੰਨਾ ਔਖਾ
ਕੁਝ ਵੀ ਕਹਿ ਸਕਣਾ
ਉਨ੍ਹਾਂ ਚੋਪੜੇ ਚੇਹਰਿਆਂ ਬਾਰੇ
ਜੋ ਟੀ ਵੀ ਸਕਰੀਨ ਤੋਂ

ਤੇ ਕਦੇ ਚਮਕੀਲੇ ਭੜਕੀਲੇ
ਮੈਗਜ਼ੀਨਾਂ ਦੇ ਸਫਿਆਂ ਤੋਂ
ਮੇਰੇ ਵਲ ਹਿਮਾਕਤ ਨਾਲ ਝਾਕਣ
ਜਿਵੇਂ ਉਨ੍ਹਾਂ ਦੇ ਸਿਆਸਤ 'ਚ ਚਮਕਣ
ਜਾਂ ਪੈਸਾ ਬਣਾਉਣ ਲਈ
ਕੀਤੇ ਕੁਕਰਮਾਂ ਬਾਰੇ
ਮੈਂ ਕੁਝ ਵੀ ਜਾਣਦਾ ਨਾ ਹੋਵਾਂ

ਮੈਂ ਤਾਂ ਇਨ੍ਹਾਂ ਸਚਾਈਆਂ ਦੇ
ਗੀਤ ਗਾਉਣੇ ਚਾਹਾਂ
ਕੀ ਤੁਸੀਂ ਸੁਣ ਰਹੇ ਹੋ
ਕੀ ਕੋਈ ਵੀ ਸੁਣ ਰਿਹਾ ਹੈ?

## ਗੱਲ ਖੁਸ਼ੀ ਦੀ ਤਾਂ ਹੈ ਪਰ

ਪਤਾ ਨਹੀਂ ਕਿਧਰੋਂ ਆਵੇ
ਇਹ ਦੁਸ਼ਮਣ ਆਵਾਜ਼
ਖੁਦ ਨੂੰ ਮੇਰੀ ਦੋਸਤ ਆਖੇ
ਇਸਨੂੰ ਸੁਣਦਿਆਂ ਹੀ
ਅੱਖਾਂ 'ਚ ਖੂਨ ਉੱਤਰੇ
ਆਪੇ ਤੋਂ ਡਰ ਆਵੇ

ਅਜੇ ਕੱਲ੍ਹ ਹੀ ਜਦੋਂ ਮੈਂ ਖੁਸ਼ੀ 'ਚ ਕਿਹਾ
ਵਾਹ ਪੰਜਾਹ ਵਰ੍ਹੇ ਹੋ ਗਏ
ਸਾਨੂੰ ਆਜ਼ਾਦ ਹੋਇਆਂ
ਕਿੰਨੀ ਖੁਸ਼ੀ ਦੀ ਹੋਇਆਂ
ਕਿੰਨੀ ਖੁਸ਼ੀ ਦੀ ਹੈ ਗੱਲ

ਆਓ ਵੱਡੇ ਜਸ਼ਨ ਕਰੀਏ
ਨੱਚੀਏ ਗਾਈਏ ਖੁਸ਼ੀਆਂ ਮਨਾਈਏ
ਤਾਂ ਮੇਰੀ ਇਹ ਦੁਸ਼ਮਣ ਆਵਾਜ਼ ਬੋਲੀ
ਹਾਂ ਗੱਲ ਖੁਸ਼ੀ ਦੀ ਤਾਂ ਹੈ
ਪਰ ਕਿੰਨੀ ਕੁ?

ਬਸ ਇਸ ਸਵਾਲ ਨੇ
ਮੇਰਾ ਸਿਰ ਚਕਰਾ ਦਿੱਤਾ
ਇਸ ਇਕ ਨਾਮੁਰਾਦ ਸਵਾਲ ਨੇ
ਹਜ਼ਾਰਾਂ ਸਵਾਲਾਂ ਨੂੰ ਜਨਮ ਦਿੱਤਾ
ਫੇਰ ਨਾ ਨੱਚਿਆ ਗਿਆ ਮੈਥੋਂ
ਨਾ ਹੱਸਿਆ ਗਿਆ ਮੈਥੋਂ

ਇਕ ਦਿਨ ਮੈਂ ਖੁਸ਼ ਹੋ ਕੇ ਬਹਿ ਗਿਆ
ਦੇਖ ਪੰਜਾਬ ਦੇ ਜੰਮਪਲ ਦੋ ਮੁੰਡੇ
ਇਕੋ-ਮਾਂ-ਜਾਏ ਮੁਲਕਾਂ ਦੇ
ਪ੍ਰਧਾਨ ਮੰਤਰੀ ਬਣ ਗਏ ਨੇ
ਮੇਰੀ ਖੁਸ਼ੀ ਜਰੀ ਨਹੀਂ ਗਈ ਇਸ ਤੋਂ

ਆਪਣੀ ਭਰੜਾਈ ਆਵਾਜ਼ ਵਿਚ ਚੀਕੀ
ਹਾਂ ਗੱਲ ਖੁਸ਼ੀ ਦੀ ਤਾਂ ਹੈ
ਪਰ ਕਿੰਨੀ ਕੁ?

ਮੈਂ ਕਿਹਾ ਕੀ ਮਤਲਬ ਤੇਰਾ?
ਤਾਂ ਆਕੀ ਆਵਾਜ਼ ’ਚ ਬੋਲੀ
ਕੀ ਉਹ ਹੁਣ ਦੋਵੇਂ ਕਸ਼ਮੀਰ ਜਾ
ਝੀਲ ਦੇ ਕੰਢੇ ਬਹਿ ਸਾਂਝਾ ਸੇਬ ਖਾਣਗੇ?
ਤੇ ਵਾਰਿਸ ਦੀ ਹੀਰ ਗਾਉਂਦੇ
ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੇ
ਮਨਸੂਬੇ ਬਣਾਉਣਗੇ?

ਹਾਂ ਇੰਜ ਹੀ ਕਰਦੀ ਹੈ
ਇਹ ਮੇਰੀਆਂ ਖੁਸ਼ੀਆਂ ਦਾ ਕਤਲ

ਮੈਂ ਕਿਹਾ ਦੇਖ
ਜਿਸ ਦੇਸ਼ ਵਿਚ ਸਾਨੂੰ
ਜਹਾਜ਼ੋਂ ਉੱਤਰਨ ਨਹੀਂ ਸੀ ਦਿੱਤਾ ਗਿਆ
ਉੱਥੇ ਯਾਰ ਸਾਡੇ ਵੱਡੇ ਮੰਤਰੀ ਬਣ ਗਏ ਨੇ
ਤਾਂ ਉਸੇ ਵਿਰੋਧੀ ਕ੍ਰੋਧੀ ਆਵਾਜ਼ ’ਚ ਬੋਲੀ
ਹਾਂ ਗੱਲ ਖੁਸ਼ੀ ਦੀ ਤਾਂ ਹੈ
ਪਰ ਕਿੰਨੀ ਕੁ?

ਮੈਂ ਖਿੱਝ ਕੇ ਪੁੱਛਿਆ
ਕੀ ਬਕਦੀ ਪਈਂ ਏਂ?
ਮੌਤ ਦੀ ਭਾਲ ’ਚ ਫਿਰਦੇ
ਇਨਕਲਾਬੀ ਗੁਰੀਲੇ ਵਾਂਗ ਬੋਲੀ
ਹੁਣ ਜਦ ਉਹ ਕਾਮਿਆਂ ਗਰੀਬਾਂ
ਜਾਂ ਘੱਟ ਗਿਣਤੀਆਂ ਵਿਰੁੱਧ
ਕਾਰਵਾਈਆਂ ਉੱਪਰ ਦਸਤਖਤ ਕਰਨਗੇ
ਜਦ ਉਹ ਮਲਟੀਨੈਸ਼ਨਲ ਕਾਰਪੋਰੇਸ਼ਨਾਂ ਸੰਗ
ਦਿੱਲੀ ਫਤਹਿ ਕਰਨ ਦੇ ਇਰਾਦੇ ਨਾਲ ਜਾਣਗੇ
ਇਨ੍ਹਾਂ ਗੱਲਾਂ ਦੀ ਚੋਭ ਘੱਟ ਲੱਗੇਗੀ?
ਹੁਣ ਜਦ

ਇਹ ਤਾਂ ਹੋਰ ਵੀ ਕਈ ਕੁਝ ਕਹਿੰਦੀ ਗਈ
ਮੈਂ ਹੀ ਸੁਣਨੋ ਹੱਟ ਗਿਆ

ਤੁਸੀਂ ਮੇਰਾ ਸੱਚ ਜਾਣਿਓ
ਬਹੁਤ ਤੰਗ ਆ ਗਿਆ ਹਾਂ
ਇਸ ਆਵਾਜ਼ ਤੋਂ ਮੈਂ
ਖਤਮ ਕਰ ਦਿਆਂਗਾ ਇਸ ਨੂੰ
ਹਾਂ! ਏਨਾ ਅੱਕ ਗਿਆ ਹਾਂ

ਮੇਰੀਆਂ ਧਮਕੀਆਂ ਸੁਣ ਕੇ
ਆਪਣੀ ਮਸ਼ਕੂਕ ਹਾਸੀ ਹੱਸਦੀ ਹੈ
ਬਦਲੇਖੋਰੀ ਇਹ ਆਵਾਜ਼
ਤੇ ਮਲਕਚਾਰੇ ਕਹਿੰਦੀ ਹੈ
ਹਾਂ ਮੇਰੇ ਲਈ ਗੱਲ ਫਿਕਰ ਦੀ ਤਾਂ ਹੈ
ਪਰ ਕਿੰਨੀ ਕੁ?

ਮੇਰਾ ਪਿੱਛਾ ਕਿਉਂ ਨਹੀਂ ਛੱਡਦੀ
ਮੇਰੀ ਇਹ ਦੁਸ਼ਮਣ ਆਵਾਜ਼

## ਇਸ ਛਿਣ ਨੂੰ ਮਾਣ

ਮਾਣ ਸਕਦਾ ਏਂ
ਤਾਂ ਇਸ ਛਿਣ ਨੂੰ ਮਾਣ

ਦੇਖ ਉਹਦੇ ਚਿਹਰੇ ’ਤੇ
ਨੱਚਦੀ ਰੌਣਕ ਨੂੰ ਦੇਖ
ਉਹਦੀਆਂ ਅੱਖਾਂ ਵਿਚ
ਚਮਕਦੇ ਚਾਅ ਨੂੰ ਦੇਖ
ਉਹਦੇ ਪੈਰਾਂ ਵਿੱਚ
ਆਏ ਵਹਾਅ ਨੂੰ ਦੇਖ

ਮਾਣ ਸਕਦਾ ਏਂ
ਤਾਂ ਇਸ ਛਿਣ ਨੂੰ ਮਾਣ

ਸਭ ਪੀਰ ਪੈਗੰਬਰ ਸ਼ਾਇਰ
ਇਸੇ ਛਿਣ ਦੀ ਭਾਲ ਨੇ
ਇਸੇ ਛਿਣ ਦੀ ਉਡੀਕ ਨੇ
ਇਸੇ ਛਿਣ ਵਲ ਜਾਂਦੇ ਰਾਹ ਨੇ

ਤੇਰੇ ਕੋਲ ਇਸ ਵਕਤ
ਇਹ ਛਿਣ ਹੈ
ਮਾਣ ਸਕਦਾ ਏਂ
ਤਾਂ ਇਸ ਛਿਣ ਨੂੰ ਮਾਣ

ਮੰਨਿਆਂ
ਇਨ੍ਹਾਂ ਬੂਟਾਂ ’ਤੇ
ਜਿੰਨੇ ਰੋੜ੍ਹੇ ਦਿੱਤੇ ਨੇ ਡਾਲਰ
ਉਨ੍ਹਾਂ ਨਾਲ ਤੇਰੇ ਅੱਧੇ ਪਿੰਡ ਦੇ
ਨੰਗੇ ਨਿਆਣਿਆਂ ਦੇ ਪੈਰ
ਜਾ ਸਕਦੇ ਨੇ ਢਕੇ

ਮੰਨਿਆਂ

ਇਨ੍ਹਾਂ ਡਾਲਰਾਂ ਦੇ ਬੁੱਕ ਵਿਚੋਂ ਬਹੁਤੇ
ਬਾਸਕਟ ਬਾਲ ਦੇ ਕਿਸੇ ਖੀਡਾਰੀ
ਜਾਂ ਨਰਮ ਗੁਲਾਈਆਂ ਵਾਲੇ
ਨੁਮਾਇਸ਼ੀ ਸਰੀਰ ਦੀ ਝੋਲੀ ਪੈਣਗੇ
ਬੂਟ ਬਣਾਉਣ ਵਾਲੇ ਖੁਦ ਅਜੇ
ਨੰਗੇ ਪੈਰੀਂ ਹੀ ਕੰਮ 'ਤੇ ਆਉਣਗੇ

ਇਹ ਵੀ ਠੀਕ ਹੈ
ਤੇਰੇ ਬੱਚੇ ਦੀ ਇਹ ਮੁਸਕਾਣ
ਟੀ ਵੀ ਦੇ ਅਗਲੇ
ਇਸ਼ਤਿਹਾਰ ਤੱਕ ਹੈ ਸੀਮਤ

ਇਹ ਸਭ ਗੱਲਾਂ ਠੀਕ ਨੇ
ਪਰ ਫੇਰ ਵੀ ਜ਼ਰਾ ਦੇਖ
ਉਸਨੂੰ ਹੱਸਦੇ ਨੂੰ ਦੇਖ
ਉਸਨੂੰ ਟੱਪਦੇ ਨੂੰ ਦੇਖ
ਉਸ ਦੇ ਚਿਹਰੇ ਦੀ ਰੌਣਕ ਨੂੰ ਦੇਖ

ਜੇ ਮਾਣ ਸਕਦਾ ਏਂ
ਤਾਂ ਮਾਣ ਲੈ ਇਸ ਛਿਣ ਨੂੰ
ਆਪਣੇ ਮਨ 'ਤੇ ਹੋਣ ਦੇ ਇਸ ਪਲ
ਇਸ ਖੁਸ਼ੀ ਦੀ ਰੁਣ ਝੁਣ
ਇਸ ਰਿਮ ਝਿਮ ਵਿੱਚ
ਭਿੱਜ ਲੈ ਕੁਝ ਪਲ

## ਸੁਪਨਿਆਂ ਦਾ ਮਰ ਜਾਣਾ

"ਸਭ ਤੋਂ ਖਤਰਨਾਕ ਹੁੰਦਾ ਹੈ
ਸੁਪਨਿਆਂ ਦਾ ਮਰ ਜਾਣਾ"

ਸੋਚਣਾ ਬਣਦਾ ਹੈ ਮੇਰਾ ਵੀ ਹੁਣ
ਮੇਰੇ ਵੀ ਸੁਪਨੇ
ਕਿਤੇ ਮਰ ਤਾਂ ਨਈਂ ਗਏ?

ਮੈਂ ਕਿ ਜਿਸਨੇ ਚੁਗਣੇ ਸਨ ਕੰਡੇ
ਸਾਂਝਿਆਂ ਰਾਹਾਂ ਵਿਚੋਂ
ਆਪਣੇ ਘਰ ਦੀ ਵਾੜ ਨੂੰ ਹੀ
ਰੋਜ਼ ਕਰਦਾ ਹਾਂ ਪੱਕੀ
ਇਹ ਕਦ ਸੁਪਨਾ ਸੀ ਮੇਰਾ?
ਨਵੇਂ ਤੋਂ ਨਵੇਂ ਸੁਰੱਖਿਆ ਪ੍ਰਬੰਧ
ਘਰ ਦੀ ਰਾਖੀ ਲਈ ਲਗਵਾਵਾਂ

ਤੁਸੀਂ ਵੀ ਤਾਂ ਮਹਿਸੂਸ ਕੀਤੀ ਹੋਊ
ਫੋਨ ਤੇ ਕੰਬਦੀ ਮੇਰੀ ਆਵਾਜ਼
ਇਹ ਕਦ ਸੁਪਨਾ ਸੀ ਮੇਰਾ?
ਦੋਸਤਾਂ ਨੂੰ ਘਰ ਆਉਣ ਦੀ ਦਾਅਵਤ ਦਿਆਂ
ਤਾਂ ਉਹ ਅਖੰਡਪਾਠ 'ਤੇ ਆਉਣ ਦੀ ਹੋਵੇ

ਬੱਚੇ ਦਾ ਭਵਿੱਖ
ਜਾਨਣ ਦਾ ਲਾ ਬਹਾਨਾ
ਲੋਕਾਂ ਤੋਂ ਰਤਾ ਕੁ ਓਹਲਾ ਰੱਖ
ਜੋਤਸ਼ੀ ਦੇ ਵੀ ਜਾਂਦਾ ਹਾਂ ਕਦੇ ਕਦਾਈਂ
ਘੜਿਆ ਘੜਾਇਆ ਭਵਿੱਖ
ਉਹ ਮੇਰੇ ਹੱਥ ਫੜਾਉਂਦਾ ਹੈ
ਤੇ ਨਾਲ ਹੀ ਸ਼ੈਤਾਨ ਮੁਸਕਰਾਉਂਦਾ ਹੈ
ਬਿਨਾਂ ਬੋਲਿਆਂ ਫੁਰਮਾਉਂਦਾ ਹੈ
ਜਿਊਂਦੇ ਸੁਪਨਿਆਂ ਵਾਲਾ ਬੰਦਾ
ਉਹਦੇ ਘਰ ਕਦੇ ਨਾ ਆਵੇ

ਚਮਕੀਲੀ ਕਾਰ ਵਿਚ ਬੱਚਿਆਂ ਵਾਂਗੂੰ
ਆਸ ਲਗਾ ਕੇ ਬਹਿੰਦਾ ਹਾਂ
ਤੇਜ਼ ਸਵਾਰੀ ਆਪੇ ਮੰਜ਼ਲ ਦੇ ਵੱਲ ਲੈ ਜਾਵੇਗੀ
ਪਰ ਮੰਜ਼ਲ ਦੇ ਨਾਂਅ 'ਤੇ ਬਚੇ ਹਨ
ਦਫਤਰ ਦੁਕਾਨ ਤੇ ਦਰ ਗੁਰੂ ਦਾ

ਕੰਪਿਊਟਰ ਅੱਗੇ ਬਹਿ ਸੋਚਦਾ ਹਾਂ
ਹੁਣੇ ਕੋਈ ਮਹਾਂਕਾਵਿ
ਜਾਂ ਨਾਵਲ ਰਚਿਆ ਜਾਵੇਗਾ
ਪਰ ਸਕਰੀਨ 'ਤੇ ਸਰਕੇ
ਬੈਂਕ ਖਾਤੇ ਦਾ ਹਿਸਾਬ
ਜਾਂ ਕਿਸੇ ਸੰਸਥਾ ਵੱਲ
ਨੌਕਰੀ ਜਾਂ ਇਨਾਮ ਦੀ ਖਾਹਿਸ਼ 'ਚ
ਲਿਖਿਆ ਚਾਪਲੂਸੀ ਭਰਿਆ ਖੱਤ

ਵਾਪਰ ਗਿਆ ਹੈ ਮੇਰੇ ਨਾਲ
ਸ਼ਾਂਤੀ ਵਰਗਾ ਕੋਈ ਹਾਦਸਾ
ਹੁਣ ਜਦ ਬਚੀ ਹੀ ਨਹੀਂ ਮਨ 'ਚ
ਯੁੱਧ ਕਰਨੇ ਦੀ ਲਾਲਸਾ
ਨਿਕੰਮੇਪਣ ਦੇ ਕਾਰਨ ਭਾਲਦਾ ਹਾਂ:
ਜੇ ਹੁਣ ਤਗਮੇ
ਮੋਟੀਆਂ ਜੇਬਾਂ ਤੇ ਹੀ ਲੱਗਣੇ ਹਨ
ਤਾਂ ਕੀ ਲੋੜ ਹੈ
ਤੀਰਾਂ ਅੱਗੇ ਛਾਤੀ ਡਾਹੁਣ ਦੀ
ਆਪਣੀ ਪੂਛ ਨੂੰ
ਆਪੇ ਹੀ ਅੱਗ ਲਾਉਣ ਦੀ

ਤੇ ਸੱਜਣੋ!
ਇਹ ਸਭ ਹਾਦਸੇ ਵਾਪਰ ਜਾਣ 'ਤੇ ਵੀ
ਮੈਂ ਸੋਚਣ ਤੋਂ ਇਨਕਾਰੀ ਹਾਂ
ਮੇਰੇ ਵੀ ਸੁਪਨੇ ਕਿਤੇ ਮਰ ਤਾਂ ਨਈਂ ਗਏ?

ਉਂਜ ਮੈਂ ਤਾਂ ਆਪਣੇ ਬਾਰੇ ਹੀ

ਲਿਖੀ ਹੈ ਇਹ ਕਵਿਤਾ
ਤੁਸੀਂ ਕਿਤੇ ਸੁਣ ਕੇ
ਐਵੇਂ ਡਰ ਤਾਂ ਨਈ ਗਏ?

# ਸਾਊ

ਸਾਊ ਦਿਸਦੇ ਵੀ ਹਾਂ
ਸਾਊ ਹਾਂ ਵੀ ਨਹੀਂ
ਬੱਲੇ ਬੱਲੇ
ਬਈ ਸਾਡੇ ਬੱਲੇ

ਸਾਊ ਬਹੁਤ ਬਣਦੇ ਹਾਂ
ਦਰਅਸਲ ਹੋਰ ਕੁਝ
ਬਣਦੇ ਹੀ ਨਹੀਂ ਅੱਜ ਕੱਲ੍ਹ
ਉਂਜ ਇਹ ਵੱਖਰੀ ਹੈ ਗੱਲ
ਸਾਊ ਬਣਨ ਦੀ ਸਿੱਖਿਆ
ਮਿਲੀ ਹੀ ਨਹੀਂ
ਸਿੱਖਿਆ ਬਿਨਾਂ ਕੁਝ ਬਣਨਾ
ਅਸੀਂ ਸਿੱਖਿਆ ਵੀ ਨਹੀਂ

ਸਿੱਖਿਆ ਸਾਨੂੰ ਮਿਲੀ ਹੈ
ਸਿਰਫ ਸਾਊ ਦਿਸਣ ਦੀ
ਸਾਊ ਦਿਸਣ ਵਿਚ ਹੋ ਗਏ ਹਾਂ
ਸੋਲ੍ਹਾਂ ਕਲਾਂ ਸੰਪੂਰਨ
ਸਾਊ ਦਿਸਦੇ ਸਾਊਆਂ ਵਾਂਗ
ਸਾਊ ਸਾਊ ਦਿਸਦੇ ਹਾਂ
ਦੁਨੀਆਂ ਨੂੰ ਚਾਰਦੇ ਹਾਂ

ਸਾਊ ਦਿਸਣ ਤੇ ਹੋਣ ’ਚ
ਕੋਈ ਫਰਕ ਹੈ
ਇਹ ਪਛਾਨਣ ਦੀ ਸਿੱਖਿਆ
ਸਾਨੂੰ ਮਿਲੀ ਹੀ ਨਹੀਂ
ਤੇ ਸਿੱਖਿਆ ਬਿਨਾਂ ਕੁਝ ਸਿੱਖਣਾ
ਅਸੀਂ ਸਿੱਖਿਆ ਵੀ ਨਹੀਂ
ਖ਼ੁਦ ਨੂੰ ਸਵਾਲ ਕਰਨਾ
ਖ਼ੁਦ ਨੂੰ ਜਵਾਬ ਦੇਣਾ
ਨਹੀਂ ਸਾਡੀ ਸਿੱਖਿਆ ’ਚ ਸ਼ਾਮਲ

ਜਵਾਬਦੇਹ ਹਾਂ ਜਿਹਨੂੰ
ਉਹਨੂੰ ਆਪਣੀ ਮੰਨਾਉਣੀ
ਅਸੀਂ ਦਿਲ ਲਾ ਕੇ ਸਿੱਖੀ ਹੈ

ਕਿੱਡਾ ਵੱਡਾ ਝੂਠ ਹੋਵੇ
ਕਿੱਡੀ ਵੱਡੀ ਹੇਰਾ ਫੇਰੀ
ਉਹਦੇ ਦਰ ਉੱਤੇ ਮਿਲਣ
ਸਭ ਲਈ ਮੁਆਫੀਆਂ
ਉਹਦੀਆਂ ਹੀ ਰਹਿਮਤਾਂ ਨਾਲ
ਦੁੱਧੀਂ ਪੁੱਤੀਂ ਨਾਹੁੰਦੇ ਹਾਂ
ਧੀ ਜੰਮਣ ਤੋਂ ਪਹਿਲਾਂ ਹੀ
ਪਾਰ ਬੁਲਾਉਂਦੇ ਹਾਂ
ਉਹਦੀ ਸੇਵਾ 'ਚ
ਇਕ ਹੋਰ 'ਖੰਡਪਾਠ ਕਰਾਉਂਦੇ ਹਾਂ
ਤੇ ਪ੍ਰਮਾਤਮਾ ਦੀ ਸ਼ਰਧਾ 'ਚ ਜੁੜੇ
ਸਾਊ ਸੱਜਣਾਂ ਤੋਂ
ਪਿੱਠ ਠੁਕਵਾਉਂਦੇ ਹਾਂ

ਸਾਊ ਦਿਸਦੀ ਦੁਨੀਆਂ 'ਚ
ਸਾਊਆਂ ਵਾਂਗ
ਮਾਣ ਨਾਲ ਜੀਊਂਦੇ ਹਾਂ
ਸਾਊ ਦਿਸਦੇ ਵੀ ਹਾਂ
ਸਾਊ ਹਾਂ ਵੀ ਨਹੀਂ
ਬੱਲੇ ਬੱਲੇ
ਬਈ ਸਾਡੇ ਬੱਲੇ

## ਤੁਹਾਡੀ ਸਿੱਖਿਆ

ਮੇਰੇ ਬਜ਼ੁਰਗੋ
ਨੀਤ ਤੁਹਾਡੀ 'ਤੇ ਕੋਈ ਸ਼ੱਕ ਨਹੀਂ ਮੈਨੂੰ
ਭਾਣਾ ਮੰਨਣ ਲਈ ਕਿਹਾ ਤੁਸੀਂ
ਤਾਂ ਮੇਰੇ ਭਲੇ ਖਾਤਰ

ਮੈਂ ਹੀ ਤੁਰ ਪਿਆ
ਮੰਨਣ ਦਾ ਛੱਡ ਜਾਨਣ ਦੇ ਰਾਹ

ਮੰਨਣ ਵਾਲੇ ਦੀ ਮੰਜ਼ਲ
ਹੱਥ ਜੋੜ ਕੇ ਭਾਣਾ ਮੰਨਣਾ
ਤੇ ਜੀਵਨ ਭਰ ਮੰਨਦੇ ਰਹਿਣਾ
ਸੁਖ ਸ਼ਾਂਤੀ ਦੀ ਆਸ ਵਿਚ
ਅੱਖਾਂ ਮੀਟ ਕੇ ਇਕੋ ਥਾਂ ਖੜ੍ਹੇ ਰਹਿਣਾ

ਜਾਨਣ ਵਾਲੇ ਦੀ ਮੰਜ਼ਲ
ਕਣ ਕਣ 'ਚ ਛੁਪੇ ਰਹੱਸ ਤੱਕ ਜਾਣਾ
ਜਾਨਣ ਦੀ ਹਰ ਕੋਸ਼ਿਸ਼ 'ਚੋਂ
ਵਾਰ ਵਾਰ ਇੱਕੋ ਗੱਲ ਜਾਨਣੀ
ਕਿੰਨਾ ਕੁਝ ਹੋਰ ਅਜੇ ਜਾਨਣ ਵਾਲਾ ਪਿਆ ਹੈ

ਤੁਸੀਂ ਪਰ ਠੀਕ ਕਿਹਾ ਸੀ
ਭਾਣਾ ਮੰਨਣ ਦੇ ਰਾਹ 'ਚ
ਕਿੰਨਾ ਸੁੱਖ ਹੈ ਸ਼ਾਂਤੀ ਹੈ ਨਿੱਘ ਹੈ
ਤੇ ਨਾ ਮੰਨਣ 'ਚ
ਕਿੰਨੀ ਬੇਚੈਨੀ ਭਟਕਣ ਤੇ ਦੁੱਖ

## ਤੁਸੀਂ ਜੰਮ ਜੰਮ ਆਓ

ਰੱਬ ਹੁੰਦੇ ਨੇ ਮਹਿਮਾਨ
ਕਰਮਾਂ ਵਾਲਿਆਂ ਦੇ ਘਰੀਂ ਬਹੁੜਦੇ ਨੇ
ਜਦੋਂ ਦਿਲ ਕਰੇ
ਤੁਸੀਂ ਜੰਮ ਜੰਮ ਆਇਓ ਸਾਡੇ ਘਰ

ਪਰ
ਤੁਸੀਂ ਤਾਂ ਸਾਰੀ ਗੱਲ ਸਮਝਦੇ ਓ
ਪਹਿਲਾਂ ਫੋਨ ਕਰਨਾ ਨਾ ਭੁਲਿਓ

ਹਾਂ ਵੀਕ ਵਿਚਾਲੇ ਅਸੀਂ ਦੋਵੇਂ
ਕੰਮਾਂ 'ਤੇ ਹੁੰਦੇ ਆਂ
ਸ਼ਿਫਟਾਂ ਵੀ ਅਲੱਗ ਨੇ
ਸ਼ਨਿਚਰਵਾਰ ਤਾਂ ਉਂਜ ਹੀ
ਬੜਾ ਬਿਜ਼ੀ ਦਿਨ ਹੁੰਦੈ
ਤੁਹਾਨੂੰ ਪਤਾ ਈ ਐ ਦਿਨੇ ਸ਼ਾਪਿੰਗ ਵਗੈਰਾ
ਸ਼ਾਮ ਨੂੰ ਕੋਈ ਜਨਮ-ਦਿਨ
ਸਾਲ-ਗਿਰ੍ਹਾ, ਮੰਗਣੀ  ਠਾਕਾ  ਵਿਆਹ
ਜਾਣਾ ਈ ਪੈਂਦਾ ਬੰਦੇ ਨੂੰ
ਮੂੰਹ ਦਿਖਾਉਣ ਹਰ ਥਾਂ
ਤੁਸੀਂ ਤਾਂ ਸਾਰੀ ਗੱਲ ਸਮਝਦੇ ਓ

ਐਤਵਾਰ ਤਾਂ ਤੁਸੀਂ ਜਾਣਦੇ ਓ
ਗੁਰਦਵਾਰੇ ਜਾਣਾ ਹੋਇਆ
ਪਿੱਛੋਂ ਕਿਸੇ ਨਾ ਕਿਸੇ ਦੇ
ਟੂ-ਬੈਡ ਕਰਨ ਜਾਣਾ ਪੈਂਦੈ
ਜਾਂ ਕਿਸੇ ਦੇ ਜੰਮੇ ਬੱਚੇ ਨੂੰ ਦਸ ਡਾਲਰ ਦੇਣ
ਖਾਸ ਕਰ ਜੇ ਮੁੰਡਾ ਜੰਮਿਆ ਹੋਵੇ
ਅੱਜ ਕੱਲ੍ਹ ਰਿਸ਼ਤੇਦਾਰੀਆਂ ਦੇ ਨਾਲ ਨਾਲ
ਕਲਾਇੰਟਸ ਦਾ ਵੀ ਰੱਖਣਾ ਪੈਂਦਾ ਹੈ ਖਿਆਲ
ਸ਼ਾਮ ਨੂੰ ਉਂਜ ਮੁਸ਼ਕਲ ਹੋ ਜਾਂਦੈ
ਸਵੇਰੇ ਕੰਮ 'ਤੇ ਜਾਣਾ ਹੁੰਦੈ

ਤੁਸੀਂ ਤਾਂ ਸਾਰੀ ਗੱਲ ਸਮਝਦੇ ਈ ਓ
ਪਰ ਤੁਸੀਂ ਕਦੇ ਆਓ ਜ਼ਰੂਰ

ਤੇ ਜਦੋਂ ਆਵੋ
ਦਰਵਾਜੇ 'ਤੇ ਖੜ੍ਹੇ ਕੇ ਇੰਟਰਕਾਮ ਰਾਹੀਂ
ਮੇਰੇ ਬੱਚੇ ਨੂੰ ਅੰਗ੍ਰੇਜ਼ੀ ਵਿੱਚ ਆਪਣਾ ਨਾਂ ਦੱਸਿਓ
ਉਹ ਬੂਹੇ 'ਤੇ ਲੱਗੇ ਵੀਡੀਓ ਕੈਮਰੇ ਰਾਹੀਂ
ਕਿਚਨ ਵਿਚੋਂ ਹੀ ਤੁਹਾਡੇ ਨਾਲ ਗੱਲ ਕਰੇਗਾ
ਉਂਜ ਉਸ ਵਕਤ ਉਹ ਦੋਸਤਾਂ ਨਾਲ
ਫੋਨ 'ਤੇ ਕਰ ਰਿਹਾ ਹੋਵੇਗਾ ਗੱਲਾਂ
ਉਸ ਤੋਂ ਇਹ ਆਸ ਨਾ ਰੱਖਿਓ
ਉਹ ਦੋਵੇ ਹੱਥ ਜੋੜ ਕੇ
ਤੁਹਾਨੂੰ ਸਤਿ ਸ੍ਰੀ ਅਕਾਲ ਬੋਲੇ
ਜੀ ਆਇਆਂ ਨੂੰ ਆਖੇ  ਚਾਹ ਪਾਣੀ ਪੁੱਛੇ
ਮੇਰੇ ਬੱਚੇ ਕੋਲ ਏਨਾ ਵਕਤ ਨਹੀਂ ਹੋਣਾ
ਤੁਸੀਂ ਤਾਂ ਸਾਰੀ ਗੱਲ ਸਮਝਦੇ ਹੋ

ਉਂਜ ਜੇ ਤੁਸੀਂ ਫੋਨ 'ਤੇ ਹੀ ਦੱਸ ਦਿੰਦੇ
ਜਿਹੜੀ ਕੋਈ ਗੱਲ ਮਿਲ ਕੇ ਕਰਨੀ ਸੀ
ਸਮਾਂ ਬੱਚ ਜਾਂਦਾ ਤੁਹਾਡਾ
... ਲਓ ਇਹ ਜਾਣਕਾਰੀ ਤਾਂ
ਤੁਸੀਂ ਫੈਕਸ ਕਰ ਦਿਓ
ਹਾਂ ਹਾਂ ਲਿਖੋ ਮੇਰੇ ਫੈਕਸ ਨੰਬਰ
ਘਰ ਦਾ ਵੀ ਤੇ ਦਫਤਰ ਦਾ ਵੀ
ਜੇ ਚਾਹੋ ਤਾਂ ਮੈਨੂੰ ਪੇਜ ਕਰ ਸਕਦੇ ਹੋ
ਮੇਰੇ ਸੈਲਿਊਲਰ 'ਤੇ ਫੋਨ ਕਰਨਾ
ਕਾਰ ਵਿਚਲਾ ਨੰਬਰ ਵੀ ਲਿਖੋ
ਕਿਤੇ ਲੋੜ ਪੈ ਜਾਂਦੀ ਹੈ
ਸੱਭ ਤੋਂ ਵਧੀਆ ਤਰੀਕਾ ਹੈ
ਇਹ ਜਾਣਕਾਰੀ ਈ-ਮੇਲ ਰਾਹੀਂ ਭੇਜੋ
ਅਸੀਂ ਤਾਂ ਜੀ ਹਰ ਤਰ੍ਹਾਂ
ਜੁੜ੍ਹੇ ਹੋਏ ਹਾਂ ਦੁਨੀਆਂ ਦੇ ਨਾਲ
ਤੁਸੀਂ ਖੁਸ਼ ਹੋਵੋਗੇ ਜਾਣ ਕੇ
ਬੜੀ ਛੇਤੀ ਸਾਡਾ ਆਪਣਾ

ਵੈੱਬ ਪੇਜ ਲੱਗ ਰਿਹਾ ਹੈ ਇੰਟਰਨੈੱਟ 'ਤੇ
ਮੇਰੇ ਬਾਰੇ ਸਾਰੀ ਜਾਣਕਾਰੀ ਤਸਵੀਰਾਂ ਸਮੇਤ
ਆਪਣੇ ਵੱਡੇ ਘਰ ਦੀਆਂ ਤੇ
ਕੁੱਤੇ ਦੀਆਂ ਤਸਵੀਰਾਂ ਵੀ ਕਰਾਂਗੇ ਸ਼ਾਮਲ
ਸਾਡੇ ਦਰਸ਼ਨ ਤੁਸੀਂ ਘਰ ਬੈਠੇ ਹੀ ਕਰਿਓ
ਆਉਣ ਦੀ ਲੋੜ ਹੀ ਨਹੀਂ ਰਹੇਗੀ

ਪਰ ਫੇਰ ਵੀ ਜਦੋਂ ਤੁਹਾਡਾ ਦਿਲ ਕਰੇ
ਆਓ ਸਾਡੇ ਘਰ
ਅਸੀਂ ਪੰਜਾਬੀ ਹੁੰਦੇ ਹਾਂ ਜਨਾਬ
ਦੁਨੀਆਂ ਭਰ ਵਿਚੋਂ ਸਭ ਤੋਂ ਵਧੀਆ
ਮੰਨੇ ਹੋਏ ਮਹਿਮਾਨ ਨਵਾਜ਼ ਹਾਂ ਅਸੀਂ
ਸਾਡੇ ਘਰ ਤਾਂ ਸੱਜਣੋ
ਕੋਈ ਜਦੋਂ ਚਾਹੇ ਖੁਸ਼ੀ ਖੁਸ਼ੀ ਆਵੇ
ਤੁਹਾਡਾ ਵੀ ਜਦੋਂ ਜੀਅ ਕਰੇ
ਜੰਮ ਜੰਮ ਆਇਓ ਸਾਡੇ ਘਰ
ਮਹਿਮਾਨ ਤਾਂ ਰੱਬ ਹੁੰਦੇ ਨੇ
ਕਰਮਾਂ ਵਲਿਆਂ ਦੇ ਘਰੀਂ ਬਹੁੜਦੇ ਨੇ

## ਘਾਟੇ ਦਾ ਸੌਦਾ

ਇਹ ਜ਼ਮਾਨਾ
ਦੋਸਤੀਆਂ ਦਾ ਨਹੀਂ
ਨਾ ਹੈ ਦੁਸ਼ਮਣੀਆਂ ਦਾ

ਅਸੀਂ ਸਾਰੇ ਹੁਣ ਖ਼੍ਰੀਦਦਾਰ ਵੀ ਹਾਂ
ਵਿਕਾਊ ਮਾਲ ਵੀ
ਤੂੰ ਮੇਰਾ ਕਾਲਇੰਟ
ਮੈਂ ਤੇਰਾ ਕਲਾਇੰਟ
ਦੋਨਾਂ ਹਾਲਤਾਂ ਵਿਚ
ਦੁਸ਼ਮਣੀ ਤੇ ਦੋਸਤੀ
ਘਾਟੇ ਦਾ ਸੌਦਾ

## ਨਵੀਂ ਜੰਗ

ਜੀਵਨ ਦਾ ਸੰਘਰਸ਼ ਹੁਣ
ਪਹੁੰਚ ਗਿਆ ਹੈ ਵੱਖਰੇ ਪੜਾਅ
ਬਦਲ ਗਿਆ ਹੈ ਜੰਗ ਦਾ
ਹਰ ਕਾਇਦਾ ਕਾਨੂੰਨ

ਹੁਣ ਨਾ ਅਨੇਰੇ ’ਚ ਘਾਤ ਲਾ ਕੇ ਬੈਠੇ
ਦੁਸ਼ਮਣ ਰੇਖਾ ਦੇ ਪਾਰ
ਨਾ ਦੋਸਤ ਉਡੀਕਣ
ਜਮਾ ਮਹਿਫਲਾਂ ਰੇਖਾ ਦੇ ਉਰਾਰ

ਜੰਗ ਦੇ ਦਿਨ ਦਾ
ਨਾ ਸੂਰਜ ਉਦੇ ਹੁੰਦੈ ਨਾ ਅਸਤ
ਨਾ ਐਲਾਨ ਦਾ ਸੰਖ ਵੱਜੇ
ਨਾ ਖਾਤਮੇ ਦਾ ਬਿਗਲ

ਬਦਲਦੇ ਹਥਿਆਰਾਂ ਤੇ ਤਰਿਕਿਆਂ ਨਾਲ
ਸਾਨੂੰ ਆਪਣੇ ਵਸਤਰ ਹੀ ਨਹੀਂ
ਦੇਹਾਂ ਵੀ ਬਦਲਣੀਆਂ ਪੈਂਦੀਆਂ ਹਨ

ਹੁਣ ਪਤਾ ਨਹੀਂ
ਕਿਹਦੇ ਹੱਕ ’ਚ ਲੜਦੇ ਹਾਂ
ਕਿਹਦੇ ਖਿਲਾਫ

ਬਦਲ ਗਿਆ ਹੈ ਹੁਣ
ਜੰਗ ਦਾ ਹਰ ਕਾਇਦਾ ਕਾਨੂੰਨ

## ਨਵੇਂ ਅਰਥ

ਇਕ ਦਿਨ ਸਮੇਂ ਨੇ ਬੰਦੇ ਨੂੰ
ਮਠਿਆਈ ਦੀ ਰਾਖੀ ਬਿਠਾਇਆ
ਤੇ ਕੁਝ ਵੀ ਨਾ ਖਾਣ ਦੀ
ਹਿਦਾਇਤ ਕਰ ਦਿੱਤੀ

ਬੰਦੇ ਅੰਦਰ ਇਕ ਯੁੱਧ ਚੱਲਿਆ
ਭੁੱਖ ਤੇ ਫਰਜ਼
ਪਾਪ ਤੇ ਪੁੰਨ ਵਿਚਕਾਰ

ਪਹਿਲਾ ਬੰਦਾ
ਸੱਚ ਤੇ ਪਹਿਰਾ ਦਿੰਦਾ ਮਰ ਗਿਆ

ਦੂਜਾ ਬੰਦਾ
ਪਾਪ ਡਰੋਂ ਨਾ ਖਾ ਕੇ ਮਰ ਗਿਆ

ਤੀਜੇ ਬੰਦੇ ਨੇ
ਸੱਚ ਝੂਠ ਦੇ
ਪਾਪ ਤੇ ਪੁੰਨ ਦੇ
ਨਵੇਂ ਅਰਥ ਸਿਰਜੇ
ਤੇ ਮਠਿਆਈ ਖਾ ਗਿਆ

ਤੇ ਬਾਕੀਆਂ ਉਹਦੀ
ਜੈ ਜੈ ਕਾਰ ਵਿਚ
ਨਾਹਰੇ ਲਾ ਦਿੱਤੇ

## ਗੁਫਾ ਦੇ ਮੂੰਹ ’ਤੇ

ਬੰਦੇ ਨੂੰ ਬਰੂਹਾਂ ’ਤੇ ਖੜਾ ਦੇਖ ਗੁਫਾ ਬੋਲੀ:

ਜੇ ਸਿਰਫ ਬਾਹਰੋਂ ਝਾਕੇਂਗਾ
ਤਾਂ ਹਨੇਰੇ ਬਿਨ੍ਹਾਂ ਕੁਝ ਨਹੀਂ ਦੇਖੇਂਗਾ
ਹਨੇਰੇ ਨੂੰ ਦੇਖ ਮੁੜ ਜਾਣ ਨਾਲ
ਨਾ ਤੇਰਾ ਕੁਝ ਘਟੇਗਾ ਨਾ ਵਧੇਗਾ
ਸਿਰਫ ਤੇਰੇ ਮਨ ’ਚ
ਅਕਲਮੰਦੀ ਤੇ ਬੁਜ਼ਦਿਲੀ ਦਾ ਅਹਿਸਾਸ ਜਾਗੇਗਾ

ਅੰਦਰ ਆਉਣ ਨਾਲ
ਤੇਰੇ ਪੈਰ ’ਚ ਜ਼ਹਿਰੀਲਾ ਕੰਡਾ
ਖੁੱਭ ਸਕਦਾ ਹੈ
ਇਹ ਵੀ ਸੰਭਵ ਹੈ
ਸੁਥਰੇ ਹੱਥਾਂ ਤੇ ਰੌਸ਼ਨ ਮਨਾਂ ਦਾ ਘੜਿਆ
ਕੋਈ ਦਿਲਕਸ਼ ਬੁੱਤ ਜਾਂ
ਰੂਹਾਨੀ ਸ਼ਬਦ ਤੇਰੇ ਹੱਥ ਲੱਗ ਜਾਵੇ
ਜਿਸਦੀ ਛੁਹ ਨਾਲ ਤੂੰ ਸੰਗੀਤ ਸੰਗੀਤ ਹੋ ਜਾਵੇਂ

ਅੰਦਰ ਆਉਣ ਨਾਲ
ਤੇਰਾ ਜੀਵਨ ਬਦਲ ਸਕਦਾ ਹੈ
ਅੰਦਰ ਵੱਲ ਪੈਰ ਪੁੱਟਣ ਲੱਗਿਆਂ
ਤੂੰ ਖੁਦ ਨੂੰ
ਬਹਾਦਰ ਵੀ ਸਮਝੇਂਗਾ ਮੂਰਖ ਵੀ

ਮੈਂ ਤੈਨੂੰ ਫੇਸਲੇ ਲਈ
ਵਕਤ ਦੇ ਸਕਦੀ ਹਾਂ
ਫੈਸਲਾ ਕਰਨ ਦੀ ਸ਼ਕਤੀ ਨਹੀਂ

## ਰੁੱਖ ਤੇ ਮਨੁੱਖ

ਰੁੱਖ ਨੇ ਸਮੇਂ ਅੱਗੇ
ਕੀਤੀ ਫਰਿਆਦ
ਮੇਰੇ ਫਲਾਂ ਦਾ
ਮੇਰੀ ਸੰਘਣੀ ਛਾਂ ਦਾ
ਕੀ ਫਾਇਦਾ ਹੈ?
ਕਿਸੇ ਦੇ ਕੰਮ ਆ
ਕਿਸੇ ਨੂੰ ਖੁਸ਼ ਦੇਖ
ਮੈਂ ਵੀ ਖੁਸ਼ ਹੋਵਾਂਗਾ
ਪੂਰਾ ਸੂਰਾ ਰੁੱਖ ਹੋਵਾਂਗਾ

ਸਮੇਂ ਨੇ ਰੁੱਖ ਦੀ ਮੰਨ ਲਈ
ਤੇ ਸਿਰਜਿਆ ਬੰਦਾ

ਆਪਣੇ ਆਪ
ਪੈਰੀਂ ਮਾਰ ਕੁਹਾੜੀ
ਹੁਣ ਰੁੱਖ ਰੋਂਦਾ ਹੈ

## ਮੀਂਹ ਦੀ ਕਣੀ

ਮੀਂਹ ਦੀ ਕਣੀ
ਕਣੀਆਂ ਸੰਗ
ਨਦੀਏਂ ਵਹਿ ਗਈ

ਨਦੀ ਦੀ ਛੱਲ
ਕੰਢਿਆਂ ਵੱਲ ਸੁੱਟਿਆ
ਵਹਿੰਦਿਆਂ
ਕੰਢਿਆਂ ਨਾਲ ਖਹਿੰਦਿਆਂ
ਦੇਖਿਆ
ਨਦੀ ਤੋਂ ਵੱਖਰੀ ਵੀ
ਕੁਝ ਹੋ ਸਕਦੀ ਸਾਂ

ਕਿਸੇ ਸੋਹਣੇ ਫੁੱਲ ਨੂੰ
ਸਿੰਜ ਸਕਦੀ ਸਾਂ
ਕਿਸੇ ਪਿਆਸੇ ਦੀ ਪਿਆਸ
ਬੁਝਾ ਸਕਦੀ ਸਾਂ
ਜਾਂ ਫਿਰ ਉਂਝ ਹੀ
ਬਣਕੇ ਭਾਫ
ਮੁੜ ਅੰਬਰੀਂ
ਚੜ੍ਹ ਸਕਦੀ ਸਾਂ

ਕੀ ਇਹ ਨਦੀ
ਬੱਸ ਇੰਝ ਹੀ
ਸਾਗਰ ਦੇ ਵਲ ਲੈ ਜਾਵੇਗੀ?
ਏਸ ਨਦੀ ਦੀ ਮੰਜ਼ਲ ਸਾਗਰ
ਮੇਰੀ ਮੰਜ਼ਲ ਕਿਹੜੀ?

## ਸੜਕ - ੧

ਘਰੋਂ ਨਿਕਲਾਂ
ਮਿਲ ਪੈਂਦੀ ਸੜਕ
ਖਿਝੀ ਰਹਿੰਦੀ ਸਦਾ
ਸਿਰ ਪਏ ਸਮਾਜੀ ਭਾਰ ਤੋਂ

ਆਪਣੀ ਖਿੱਝ ’ਚ
ਉਨ੍ਹਾਂ ਥਾਵਾਂ ਵੱਲ ਲਿਜਾਵੇ
ਜਿੱਥੇ ਜਾਣਾ ਮੈਨੂੰ ਕਦੇ ਨਾ ਭਾਵੇ

ਕਦੇ ਕਦੇ ਪਰ
ਖੁਸ਼ ਮਿਜ਼ਾਜ ਨੱਚਦੀ ਟੱਪਦੀ
ਗੀਤ ਗੁਣਗੁਣਾਉਂਦੀ
ਲੈ ਜਾਵੇ ਵੱਲ ਦਰਿਆ

ਬਰੇਤੀ ’ਤੇ ਬੈਠ
ਦਰਿਆ ਨਾਲ ਗੱਲਾਂ ਕਰੀਏ
ਹੱਸੀਏ ਗਾਈਏ
ਹਲਕੇ ਫੁੱਲ
ਘਰ ਵਾਪਸ ਆਈਏ

## ਸੜਕ -੨

ਜੀਵਨ ਦੇ ਰਾਮ ਰੌਲੇ ਤੇ ਸ਼ੋਰ ਸ਼ਰਾਬੇ ਤੋਂ
ਸੜਕ ਵੀ ਹੋ ਗਈ ਹੈ ਬੇਹੱਦ ਨਿਰਾਸ਼
ਭਟਕ ਗਈ ਹੈ ਇਸ ਦੀ ਰੂਹ ਵੀ
ਅਸ਼ਾਂਤ ਚਕਰਾਉਂਦੀ ਫਿਰਦੀ ਹੈ ਹਰ ਪਾਸੇ
ਹੁਣ ਤਾਂ ਤੁਰਨਾ ਵੀ ਭੁੱਲ ਗਈ ਹੈ
ਪਾਗਲਾਂ ਹਾਰ ਨੱਸਦੀ ਹਫਦੀ ਹੈ
ਨਾ ਇਸ ਕੋਲ ਵਕਤ ਹੈ ਆਪਣੀ ਕਹਿਣ ਦਾ
ਨਾ ਖਾਹਿਸ਼ ਹੈ ਕਿਸੇ ਲਈ ਕੰਨ ਬਣਨ ਦੀ

ਕਦੇ ਕਦੇ ਮੂੰਹ ਹਨੇਰੇ
ਜਦੋਂ ਆਸ ਪਾਸ ਕੋਈ ਨਾ ਹੋਵੇ
ਤਾਂ ਜ਼ਿੱਦ ਕਰਨ 'ਤੇ ਗੱਲੀਂ ਲੱਗ ਜਾਵੇ
ਲੰਮਾ ਹੌਕਾ ਭਰ ਕੇ ਕਹੇ:
ਲੱਦ ਗਏ ਜ਼ਮਾਨੇ
ਜਦੋਂ ਸਧਾਰਨ ਜਿਹਾ ਜੀਵਨ ਸੀ ਮੇਰਾ
ਘਰ ਤੋਂ ਖੇਤ ਜਾਂ ਦਰਿਆ ਵੱਲ
ਕਦੇ ਮੰਦਰ ਵੱਲ
ਬਹੁਤੀ ਵਾਰੀ
ਘਰ ਤੋਂ ਦੋਸਤ ਦੇ ਘਰ ਤੱਕ ਹੀ
ਜਾਣਾ ਆਉਣਾ ਹੁੰਦਾ ਸੀ ਮੇਰਾ

## ਸੜਕ - ੩

ਰੋਂਦੀ ਫਿਰਦੀ ਸੜਕ ਵਿਚਾਰੀ
ਸਿਰ ਦੇ ਕੇਸ ਖਿਲਾਰੀ
ਮੇਰੇ ਮਨ ਨੂੰ ਮੇਰੇ ਤਨ ਨੂੰ
ਸਦੀਆਂ ਤੋਂ ਲੱਗੀ ਬੰਦਾ ਬੀਮਾਰੀ
ਮੈਂ ਜੰਮਾਂ ਦੂਜਿਆਂ ਖਾਤਰ
ਮੈਂ ਜੀਵਾਂ ਦੂਜਿਆਂ ਖਾਤਰ
ਮੇਰੀ ਆਪਣੀ ਹੋਂਦ ਨਾ ਕੋਈ
ਨਾ ਹੀ ਆਪਣਾ ਨਾਂਅ
ਸਦਾ ਬੇਗਾਨੇ ਨਾਵਾਂ ਨਾਲ
ਪੈਂਦੀ ਜੂਨ ਹੰਡਾਉਣੀ
ਲੋੜ ਪੈਣ ’ਤੇ ਜ਼ੋਰ ਪੈਣ ’ਤੇ
ਮੇਰੇ ਪੱਲੇ ਪਏ ਨਾਂਅ
ਜਾਂਦੇ ਨੇ ਤੋੜੇ ਜੋੜੇ
ਮੇਰੀ ਨਾ ਕੋਈ ਮੁੱਛੇ ਮਰਜ਼ੀ
ਨਾ ਕੋਈ ਅਰਜ਼ ਸੁਣੇ

ਰੋਂਦੀ ਫਿਰਦੀ ਸੜਕ ਵਿਚਾਰੀ
ਸਿਰ ਦੇ ਕੇਸ ਖਿਲਾਰੀ

## ਚੁੱਪ - ੧

ਚੁੱਪ
ਚੁੱਪ ਕਿੱਥੇ?
ਚੁੱਪ ਦੀਆਂ ਬੇਸ਼ੁਮਾਰ ਜ਼ਬਾਨਾਂ

ਚੁੱਪ
ਜੀਵਨ ਭਰ ਦਾ
ਲੰਮਾ ਖਾਮੋਸ਼ ਹੌਕਾ

ਚੁੱਪ
ਛਿਣ ਭਰ ਦਾ
ਗੋਲੀ ਦਾ ਖੜਾਕ

ਚੁੱਪ
ਚੁੱਪ ਕਿੱਥੇ?
ਚੁੱਪ ਦੀਆਂ
ਬੇਸ਼ੁਮਾਰ ਜ਼ਬਾਨਾਂ

## ਚੁੱਪ - ੨

ਚੁੱਪ ਨੂੰ ਸੁਣਨਾ ਸਿੱਖ

ਚੁੱਪ ਨੂੰ ਸੁਣਨਾ
ਚੁੱਪ ਖੜ੍ਹੇ ਚੈਰੀ ਦੇ ਫੁੱਲਾਂ 'ਚੋਂ ਕਿਰਦੇ
ਚੰਨ ਤੋਂ ਵੀ ਸਿੱਖਿਆ ਜਾ ਸਕਦਾ ਹੈ
ਚੁੱਪ ਨੂੰ ਸੁਣਨਾ
ਸ਼ੋਰ ਪਾਉਂਦੇ ਸਮੁੰਦਰ 'ਚ ਲਹਿੰਦੇ
ਸੂਰਜ ਤੋਂ ਵੀ ਸਿੱਖਿਆ ਜਾ ਸਕਦਾ ਹੈ

ਪਰ
ਚੁੱਪ ਸੁਣਨਾ ਸਿੱਖਣ ਲਈ
ਬੱਚੇ ਨੂੰ ਰੋਣੋ ਨਾ ਰੋਕੋ
ਚੁੱਪ ਨੂੰ ਸੁਣਨਾ ਸਿੱਖਣ ਲਈ
ਚੁੱਪ ਚਰਨ ਨਾ ਭਾਲ

ਚੁੱਪ ਨੂੰ ਪਰ ਸੁਣਨਾ ਸਿੱਖ

ਚੁੱਪ ਜੇ ਨਾ ਸੁਣੀ
ਚੁੱਪ ਕੋਈ ਹੋਰ ਜ਼ਬਾਨ ਬੋਲੇਗੀ
ਫੇਰ ਕੁਝ ਨਹੀਂ ਸੁਣੇਗਾ

ਚੁੱਪ ਨੂੰ ਸੁਣਨਾ ਸਿੱਖ

## ਸੇਧ

ਹਨੇਰਾ ਪਹਿਲਾਂ ਵੀ ਸੀ
ਨਹੀਂ ਘਟੀ ਅੱਖਾਂ ਦੀ ਰੌਸ਼ਨੀ ਵੀ
ਪਰ ਹੁਣ ਪੁੱਟਦਾ ਹਾਂ ਕਦਮ
ਤਾਂ ਟੱਕਰ ਖਾ ਡਿੱਗਦਾ ਹਾਂ
ਕਿਸੇ ਨਾ ਕਿਸੇ ਟੋਏ ’ਚ
ਪੈ ਜਾਂਦੇ ਨੇ ਪੈਰ

ਮੇਰਾ ਉਹੀ ਵਡੇਰਾ
ਸਾਈਕਲ ਚਲਾਉਣੀ ਸਿਖਾਈ ਸੀ ਜਿਸਨੇ
ਮੈਨੂੰ ਉਠਾਵੇ ਤੇ ਚੇਤੇ ’ਚੋਂ ਬੋਲੇ:
ਸਾਹਮਣੇ! ਔਹ ਦੂਰ ਵੱਲ
ਜਿੱਧਰ ਜਾਣਾ ਹੈ ਬੱਸ ਉੱਧਰ ਹੀ ਨਿਗ੍ਹਾ ਰੱਖ
ਫੇਰ ਨਹੀਂ ਡਿੱਗੇਗਾ ਤੂੰ

## ਤੁਰਨਾ

ਤੁਰਨਾ ਹੀ ਜ਼ਿੰਦਗੀ ਹੈ

ਬੈਠਣਾ ਹੈ ਤਨ ਮਨ ਨੂੰ ਸਜ਼ਾ
ਤੁਰਨੇ ਦਾ ਹੁੰਦਾ ਹੈ ਆਪਣਾ ਹੀ ਮਜ਼ਾ

ਤੁਰਾਂ ਕਿ ਪੈਰਾਂ ਨੂੰ ਮਿੱਟੀ ਦੀ ਛੂਹ ਮਿਲੇ
ਤੁਰਾਂ ਕਿ ਰਾਹਵਾਂ ਨੂੰ ਮੰਜ਼ਲ ਦੀ ਟੋਹ ਮਿਲੇ

ਤੁਰਾਂ ਕਿ ਤੁਰਦੇ ਪੈਰ ਹੀ
ਜਨਮਦੇ ਨਵੀਆਂ ਰਾਹਵਾਂ ਨੂੰ
ਤੁਰਨ ਨਾਲ ਹੀ ਮਿਲੇ
ਸੱਜਰੀ ਵਾ ਮੇਰਿਆਂ ਸਾਹਵਾਂ ਨੂੰ

ਤੁਰਦਾ ਬੰਦਾ ਹੈ ਵਗਦਾ ਦਰਿਆ
ਪੈਰਾਂ 'ਚ ਮੰਜ਼ਲ 'ਤੇ ਪਹੁੰਚਣ ਦਾ ਚਾਅ

ਤੁਰਨਾ ਹੀ ਜ਼ਿੰਦਗੀ ਹੈ

## ਯਾਰਾਂ ਦਾ ਯਾਰ

ਉਹਨੂੰ ਮੇਰੀਆਂ ਹਰਕਤਾਂ ਤੋਂ ਲੱਗਦਾ
ਮੈਂ ਪੁੱਤ ਘੱਟ ਸਾਂ ਤੇ ਕਪੁੱਤ ਵੱਧ

ਆਪਣੀ ਨਵੀਂ ਕਿਤਾਬੀ ਸੂਝ ਦੇ ਨਸ਼ੇ ’ਚ
ਪਿਓ ਬਣਨ ਦੇ ਇਲਮ ਤੋਂ ਉੱਕਾ ਕੋਰਾ
ਜਾਪਿਆ ਸੀ ਮੈਨੂੰ ਉਹ

ਵਰੇਆਂ ਦੌਰਾਨ
ਲੜਾਈਆਂ ਝਗੜਿਆਂ ਵਿੱਚ
ਗੁੱਸੇ ਰਾਜੀਆਂ ਵਿੱਚ
ਹੌਲੀ ਹੌਲੀ ਕੁਝ ਵਾਪਰਿਆ
ਖਬਰੇ ਉਹਨੂੰ ਬਾਪ ਬਣਨਾ ਆ ਗਿਆ ਸੀ
ਜਾਂ ਮੈਨੂੰ ਪੁੱਤ

ਤੇ ਜਦੋਂ ਉਹ ਅਚਾਨਕ ਗਿਆ
ਉਹ ਸਿਰਫ ਮੇਰਾ ਪਿਓ ਨਹੀਂ ਸੀ
ਯਾਰਾਂ ਦਾ ਯਾਰ ਸੀ

## ਉਦਾਸ ਪਲਾਂ ਦੌਰਾਨ

ਕਦੇ ਕਦੇ ਉਦਾਸ ਪਲਾਂ ’ਚ
ਮਾਂ ਦੇ ਝੀਲ ਜਿਹੇ
ਸ਼ਾਂਤ ਚਿਹਰੇ ਦਾ ਖਿਆਲ ਆਉਂਦਾ ਹੈ
ਮਾਂ ਜਿਹਦੇ ਲਈ ਜ਼ਿੰਦਗੀ ਹੀ
ਇਕ ਬੁਰੀ ਖਬਰ ਰਹੀ ਹੈ

ਸੋਚਦਾ ਹਾਂ
ਮਾਂ ਨੂੰ ਪੁੱਛਾਂ
ਦੁੱਖਾਂ ਭਰੀ ਜ਼ਿੰਦਗੀ ਦੌਰਾਨ ਵੀ
ਤੂੰ ਕਿਸ ਤਰ੍ਹਾਂ ਸ਼ਾਂਤ ਰਹੀ

ਪਰ ਜਾਣਦਾ ਹਾਂ
ਮਾਂ ਕਹੇਗੀ
ਉਹ ਮੇਰੀ ਕਿਸਮਤ ਸੀ
ਇਹ ਤੇਰੀ ਕਿਸਮਤ ਹੈ

ਮੇਰੇ ਲਈ
ਮਾਂ ਦੀ ਇਹ ਸੋਚ ਵੀ
ਦੁੱਖ ਦਾ ਸੋਮਾ ਰਹੀ ਹੈ ਸਦਾ

ਕਦੇ ਕਦੇ ਉਦਾਸ ਪਲਾਂ ’ਚ
ਮਾਂ ਦੇ ਝੀਲ ਜਿਹੇ
ਸ਼ਾਂਤ ਚਿਹਰੇ ਦਾ ਖਿਆਲ ਆਉਂਦਾ ਹੈ

## ਸ਼ਹਿਰੀ ਦ੍ਰਿਸ਼

ਤੇਜ਼ ਕਾਰਾਂ ਦਾ ਸਦੀਵੀ ਸ਼ੋਰ
ਆਸਮਾਨ 'ਤੇ ਪੰਛੀ ਨਹੀਂ
ਜਹਾਜ਼ ਗੂੰਜਣ

ਕਾਰਾਂ ਦੀ ਚਿੱਥੀ ਉਗਲੱਛੀ ਹਵਾ
ਮੁਰਝਾਏ ਪੱਤਿਆਂ ਨਾਲ ਖਹਿ
ਸੰਗੀਤ ਰਚਣ ਦੀ ਕੋਸ਼ਿਸ਼ 'ਚ
ਸਦਾ ਰਹੇ ਨਾਕਾਮ

ਸੜਕ ਤੇ ਪਟੜੀ ਵਿਚਾਲੇ
ਕੁਝ ਅਣਖੁਸ਼ਬੋਏ ਫੁੱਲ ਕੈਦ
ਸ਼ਹਿਦ ਭਾਲਦੀ ਮੱਖੀ
ਇਹਨਾਂ ਕੋਲ ਕਦੇ ਨਾ ਆਵੇ

ਬੀਮਾਰ ਰੁੱਖਾਂ ਨੂੰ
ਸੀਮਿੰਟ ਦੀ ਰਹਿਮ ਦਿਲੀ ਨਾਲ
ਖੜ੍ਹਨ ਲਈ ਮਿਲੇ ਕੁਝ ਥਾਂ
ਇਨ੍ਹਾਂ ਰੁੱਖਾਂ ਨਾਲ
ਕਿਸੇ ਪੰਛੀ ਦੀ
ਘਰ ਵਰਗੀ ਕੋਈ ਸਾਂਝ ਨਾ

ਵਸਦਾ ਸ਼ਹਿਰ ਹੈ
ਅਜਬ ਜਿਹਾ ਬੀਆਬਾਨ ਹੈ
ਹੈਰਾਨੀਆਂ 'ਚੋਂ ਹੈਰਾਨੀ ਇਹ ਹੈ
ਇਸ ਤੋਂ ਕੋਈ ਵੀ ਨਾ ਹੈਰਾਨ ਹੈ

# ਵਤਨੋਂ ਦੂਰ ਨਹੀਂ

(ਇਹ ਅਤੇ ਇਸ ਤੋਂ ਅਗਲੀਆਂ ਕੁਝ ਕਵਿਤਾਵਾਂ ਮੇਰੀ ਕਵਿਤਾ ਦੀ ਦੋ-ਭਾਸ਼ੀ ਪੁਸਤਕ 'ਵਤਨੋਂ ਦੂਰ ਨਹੀਂ' (ਟੀ ਐਸ ਏ ਆਰ, ਟਰਾਂਟੋ, 1994) ਵਿਚ ਪ੍ਰਕਾਸ਼ਤ ਹੋਈਆਂ ਸਨ। ਇਹ ਇਸ ਤੋਂ ਪਹਿਲਾਂ ਪੰਜਾਬੀ ਵਿਚ ਕਿਤਾਬੀ ਰੂਪ ਵਿਚ ਨਹੀਂ ਛਪੀਆਂ। ਇਹ ਕਵਿਤਾਵਾਂ ਹਨ: ਵਤਨੋਂ ਦੂਰ ਨਹੀਂ, ਜੀ ਆਇਆਂ ਨੂੰ, ਉਹ ਔਰਤ, ਘਾਹ ਅਤੇ ਮੈਂ, ਭਾਂਡੇ ਧੋਣੇ ਅਤੇ ਚੁਹੱਤਰਵੀਂ ਐਵਨਿਊ।)

ਪਿਛਲੀ ਇਕ ਸਦੀ ਤੋਂ ਹੁਣ ਤੱਕ
ਮੈਂ ਜੋ ਵੀ ਖੱਤ ਲਿਖੇ
ਆਪਣੇ ਘਰਦਿਆਂ ਨੂੰ
ਆਪਣੇ ਦੋਸਤਾਂ ਨੂੰ
ਉਹ ਸਭ ਖੱਤ
ਇਕ ਬਿਗਾਨੇ ਦੇਸੋਂ
ਆਪਣੇ ਦੇਸ ਨੂੰ ਲਿਖੇ

ਪਰ ਹੁਣੇ ਜੋ ਖੱਤ
ਆਪਣੇ ਬਾਪ ਦੀ ਮੌਤ ਬਾਰੇ ਲਿਖਿਆ ਹੈ
ਉਹ ਆਪਣੇ ਦੇਸੋਂ ਦੂਜੇ ਦੇਸ ਨੂੰ ਪਾਇਆ ਹੈ

ਮੈਂ ਲਿਖਿਆ ਹੈ:
ਬਹੁਤ ਦੇਰ ਪਹਿਲਾਂ
ਛੱਡਿਆ ਸੀ ਘਰ ਬਾਪ ਮੇਰੇ
ਉਹ ਇਸ ਸੁਫਨੇ ਨਾਲ ਜਿਉਂਦਾ ਰਿਹਾ
ਕਿ ਸਫਰ ਲਾ ਕੇ ਮੁੜ ਖੇਤਾਂ ਬੰਨੇ ਜਾ ਬਹੇਗਾ
ਸੁੱਖ ਨਾਲ ਬਿਤਾਉਣ ਲਈ ਜ਼ਿੰਦਗੀ ਦੇ ਆਖਰੀ ਪੱਲ
ਪਰ ਹੁਣ ਉਸਦੇ ਸਰੀਰ ਨਾਲ ਹੀ ਉਸ ਦੇ ਸਾਰੇ ਸੁਫਨੇ
ਇਸ ਧਰਤੀ 'ਚ ਮਿਲ ਗਏ ਹਨ

ਮੈਂ ਖੁੱਦ ਤਾਰੇ ਹਨ ਉਹਦੇ ਫੁੱਲ
ਠੰਢੇ ਸੀਤ ਦਰਿਆ ਵਿਚ

ਮੇਰਾ ਬਾਪ
ਇਸ ਮਿੱਟੀ ਦਾ ਹਿੱਸਾ ਹੋ ਗਿਆ ਹੈ
ਇਹ ਮਿੱਟੀ ਮੇਰੀ ਹੋ ਗਈ ਹੈ

## ਜੀ ਆਇਆਂ ਨੂੰ

ਮੈਂ ਅਕਸਰ ਗੱਲਾਂ ਕਰਦਾ ਹਾਂ
ਘਾਹ ਨਾਲ ਰੁੱਖਾਂ ਨਾਲ
ਤੇ ਦਰਿਆ ਨਾਲ
ਕਦੇ ਨਹੀਂ ਕਿਹਾ ਉਨ੍ਹਾਂ
ਮੇਰਾ ਏਥੇ ਆਉਣਾ
ਖ਼ੁਸ਼ਆਮਦੀਦ ਨਹੀਂ ਸੀ
ਮੈਂ ਹਵਾ ਨੂੰ ਪੱਤਿਆ ਨਾਲ
ਤਬਸਰਾ ਕਰਦਿਆਂ ਸੁਣਿਆਂ ਹੈ
ਇਕ ਵੀ ਇਸ਼ਾਰਾ ਨਫਰਤ ਦਾ ਨਹੀਂ
ਮੀਂਹ ਅਤੇ ਬਰਫ ਮੇਰੇ ਦੋਸਤਾਂ ਦੀ ਤਰ੍ਹਾਂ
ਮੋਢਿਆਂ 'ਤੇ ਸਪਰਸ਼ ਕਰਦੇ ਹਨ
ਹਰ ਸਵੇਰ ਪੰਛੀ ਆਉਂਦੇ ਹਨ
ਮੇਰੇ ਘਰ ਦੀ ਬਾਰੀ ਥੱਲੇ
ਗੀਤ ਗਾਉਂਦੇ ਹਨ
ਨਵੇਂ ਦਿਨ ਲਈ
ਨਵੀਂ ਜਗ੍ਹਾ 'ਤੇ
ਜੀ ਆਇਆਂ ਆਖਦੇ ਹਨ
ਉਨ੍ਹਾਂ ਨੂੰ ਕਿਉਂ ਨਹੀਂ ਸੀ ਪੁੱਛਿਆ
ਜਦੋਂ ਕੀਤਾ ਸੀ ਫੈਸਲਾ
ਮੇਰੇ ਕਾਮਾਗਾਟਾ ਮਾਰੂ ਨੂੰ
ਵਾਪਸ ਭੇਜਣ ਦਾ

## ਉਹ ਔਰਤ

ਉਹ ਔਰਤ ਦੇਖ ਰਹੇ ਹੋ
ਉਹ ਵੱਡੇ ਵੱਡੇ ਬੂਟਾਂ ਵਾਲੀ
ਹਾਂ! ਸਟਰਾਬੇਰੀ ਦੀ ਰੋਅ ਵਿਚ
ਰਿੜ ਰਹੀ ਹੈ ਜੋ
ਉਹ ਮੇਰੀ ਮਾਂ ਹੈ

ਲੰਚ ਬਰੇਕ ਵੇਲੇ ਹਮੇਸ਼ਾਂ
ਆਪਣੇ ਪਿੰਡ ਦੀਆਂ ਗੱਲਾਂ ਕਰਦੀ ਹੈ
ਸ਼ਾਇਦ ਜੋੜਾਂ ਦੇ ਤਿੱਖੇ
ਦਰਦ ਨੂੰ ਲਕੋਣ ਖਾਤਰ

ਪਿੰਡ 'ਚ ਹੁੰਦਿਆਂ
ਟੱਬਰ ਦੇ ਸਾਊ ਨਾਂ ਦੀ
ਕਿੰਨੀ ਫਿਕਰ ਹੁੰਦੀ ਸੀ ਉਸ ਨੂੰ
ਪਿੰਡ ਦੀਆਂ ਗਲੀਆਂ 'ਚ ਤੁਰਦਿਆਂ
ਪੈਰਾਂ 'ਚ ਪਾਈਆਂ ਚਪਲਾਂ ਦਾ
ਉਹ ਕਦੀ ਵਾਧੂ ਖੜਾਕ
ਨਹੀਂ ਸੀ ਹੋਣ ਦਿੰਦੀ

ਰੋਅ 'ਚ ਅੱਗੇ ਨੂੰ ਸਰਕਣ ਵੇਲੇ ਹੁਣ
ਉਹ ਆਪਣੇ ਦੁਖਦੇ ਗੋਡੇ 'ਤੇ
ਜਦੋਂ ਭਾਰ ਪਾਉਂਦੀ ਹੈ
ਹਰ ਵਾਰੀ ਦਰਦ 'ਚ
ਉੱਚੀ ਕਰਾਹੁੰਦੀ ਹੈ

ਉਹ ਮੇਰੀ ਮਾਂ ਹੈ

## ਘਾਹ ਅਤੇ ਮੈਂ

ਜਿਸ ਇਮਾਰਤ ਨੂੰ ਮੈਂ ਘਰ ਕਹਾਂ
ਉਸ ਦੇ ਬਾਹਰ ਬੈਠਿਆਂ
ਘਾਹ ਨਾਲ ਗੱਲਾਂ ਕਰਾਂ
ਘਾਹ ਅੱਗੋਂ ਬੋਲੇ ਨਾ ਕੁਸਕੇ

ਮੈਂ ਸ਼ਿਕਾਇਤੀ ਲਹਿਜ਼ੇ 'ਚ ਕਹਾਂ
ਮੈਂ ਅਜਿਹੇ ਘਾਹ ਨੂੰ ਜਾਣਦਾ ਸਾਂ
ਜੋ ਮੇਰੇ ਨਾਲ ਨਿੱਤ ਗੱਲਾਂ ਕਰਦਾ ਸੀ
ਅਸੀਂ ਬੜੇ ਹੀ ਗੂਹੜੇ ਦੋਸਤ ਸਾਂ
ਸਾਡਾ ਬਹੁਤ ਹੀ ਸੁੰਦਰ ਰਿਸ਼ਤਾ ਸੀ
ਮੈਂ ਘਾਹ ਨੂੰ ਸਾਂਭਦਾ ਪਾਲਦਾ
ਘਾਹ ਮੇਰੀ ਮੱਝ ਨੂੰ ਰਜਾਉਂਦਾ
ਮੱਝ ਮੇਰੇ ਟੱਬਰ ਲਈ ਦੁੱਧ ਦਿੰਦੀ

ਘਾਹ ਸੁਣ ਕੇ
ਕੁਝ ਕੁਝ ਧਿਆਨ ਦੇਣ ਲੱਗਦਾ ਹੈ
ਮੈਨੂੰ ਹਿੱਲਜੁੱਲ ਨਜ਼ਰ ਆਉਂਦੀ ਹੈ
ਆਸ ਨਾਲ ਮੈਂ ਉਡੀਕਦਾ ਹਾਂ

ਐਨ ਉਸੇ ਵਕਤ
ਉਸ ਇਮਾਰਤ ਅੰਦਰੋਂ
ਜਿਸ ਨੂੰ ਮੈਂ ਘਰ ਕਹਿੰਦਾ ਹਾਂ
ਕੋਈ ਉੱਚੀ ਆਵਾਜ਼ 'ਚ
ਮੈਨੂੰ ਯਾਦ ਕਰਾਉਂਦਾ ਹੈ
ਅੱਜ ਲਾਅਨ ਦਾ
ਘਾਹ ਵੀ ਵੱਡਣਾ ਹੈ

## ਭਾਂਡੇ ਧੋਣਾ

ਭਾਂਡੇ ਧੋਣਾ
ਗਿੱਲਾ ਜਿਹਾ ਝਮੇਲਾ
ਸੁਆਦੀ ਝਰਨਾਹਟਾਂ
ਛੇੜਨੋ ਉੱਕਾ ਅਸਮਰੱਥ
ਗੰਦੀ ਜਿਹੀ ਗੁੰਝਲ
ਯਾਰਾਂ ਬੇਲੀਆਂ 'ਚ
ਇਹ ਕੰਮ ਤੁਹਾਡੇ ਮੱਥੇ
ਮਾੜੀ ਸ਼ੁਹਰਤ ਮੜ੍ਹ ਸਕਦਾ ਹੈ

ਕੀ ਇਹ ਕਨੇਡੀਅਨ ਬਣਨਾ ਹੈ?
ਮੈਂ ਪੁੱਛਦਾ ਹਾਂ
ਸਿਆਸੀ ਦਾਓ ਪੇਚ ਹੈ?
ਕੋਈ ਨਵਾਂ ਗਿਆਨ ਹੈ?
ਕੋਈ ਨਾ ਕੋਈ ਤਾਂ
ਸਪਸ਼ਟੀਕਰਨ ਹੋਵੇਗਾ ਹੀ?

ਜਿਹੜਾ ਸਪੱਸ਼ਟੀਕਰਨ ਮਿਲਦਾ ਹੈ
ਉਹ ਸਮਾਜ-ਵਿਗਿਆਨਕ ਹੈ
ਪਿੱਛੇ ਕੰਮ ਕਰਦੀ ਸ਼ਕਤੀ ਆਰਥਿਕ ਹੈ
ਭਾਂਡੇ ਧੋਣਾ ਮੇਰੇ ਲਈ
ਇਤਿਹਾਸਕ ਨਹੀਂ
ਸੋ ਮੇਰੀ ਮੁਸ਼ਕਿਲ ਮਨੋਵਿਗਿਆਨਕ ਹੈ

ਇਹ ਤਾਂ ਇਕ ਤਰ੍ਹਾਂ
ਸਮਾਜ ਵਿਚ
ਥੱਲੇ ਲਹਿਣ ਵਾਲੀ ਗੱਲ ਹੋਈ
ਮੇਰੀ ਮਰਦਾਨਗੀ ਦਾ
ਕੋਈ ਅਸਲੀ ਇਮਤਿਹਾਨ ਤਾਂ ਨਾ ਹੋਇਆ

ਮੈਂ ਕਿਉਂ ਧੋਂਦਾ ਹਾਂ ਫੇਰ ਮੈਂ?

ਅਸਲ ਵਿਚ ਯਾਰ!
ਇਹ ਨਵੇਂ ਯਥਾਰਥ ਦਾ ਹਿੱਸਾ ਹੈ
ਇਸ ਨਾਲ ਘਰ ਵਿਚ
ਸ਼ਾਂਤੀ ਪਸਰ ਸਕਤੀ ਹੈ
ਉਂਝ ਹੀ! ਭਾਂਡੇ ਧੋਣ ਨਾਲ
ਮੈਂ ਜ਼ਰਾ ਘੱਟ
ਕਸੂਰਵਾਰ ਮਹਿਸੂਸ ਕਰਦਾ ਹਾਂ

## ਚੁਹੱਤਰਵੀਂ ਐਵਨਿਊ

ਚੁਹੱਤਰਵੀਂ ਐਵਨਿਊ
ਮੇਰੇ ਡਾਕ ਵੰਡਣ ਦੇ ਰੂਟ ਦਾ ਅੰਤ ਹੁੰਦਾ
ਬੁੜ੍ਹਾ ਜਿੰਮ ਮਜੈਸਕੀ ਕਿਹਾ ਕਰਦਾ:
'ਏਥੋਂ ਉਨ੍ਹਾਂ ਦਿਨਾਂ 'ਚ ਦਰਿਆ
ਦੇਖ ਵੀ ਸਕਦੇ ਤੇ ਸੁੰਘ ਵੀ
ਹੁਣ ਮਿੱਲਾਂ ਦੇ ਧੂੰਏਂ ਬਿਨਾਂ
ਕੁਝ ਨਜ਼ਰ ਨਾ ਆਵੇ'

ਮੈਂ ਮਿਸਟਰ ਸਟਿੱਲਮੈਨ ਨੂੰ ਮਿਲਣ ਗਿਆ
ਮਾੜੀ ਤੋਂ ਮਾੜੀ ਖਬਰ ਸੁਣਨ ਲਈ ਤਿਆਰ
ਪਹਿਲਾਂ ਵਾਂਗ ਹੈਰਾਨ ਨਹੀਂ ਸਾਂ ਹੋਣਾ ਚਾਹੁੰਦਾ
ਪਿਛਲੀ ਵਾਰ ਮਿਸਟਰ ਡਿਕਸਨ ਨੂੰ ਮਿਲਣ ਗਿਆ
ਤਾਂ ਜਾਣਿਆਂ ਕਈ ਹਫਤੇ ਪਹਿਲਾਂ ਮਰ ਚੁੱਕਾ ਸੀ ਉਹ

ਸਿਆਣੇ ਲੋਕਾਂ ਨਾਲ ਭਰੀ ਪਈ ਹੁੰਦੀ ਸੀ ਇਹ ਗਲ਼ੀ
ਬਗੀਚਿਆਂ 'ਚ ਕੰਮ ਕਰਨ ਦੇ ਤੇ ਗੱਲਾਂ ਦੇ ਸ਼ੌਕੀਨ
ਉਹ ਸਿਰਫ ਸ਼ਬਦ ਹੀ ਹਵਾ ਵਿਚ ਨਹੀਂ ਸੀ ਸੁੱਟਦੇ
ਗੱਲਾਂ ਕਰਦਿਆਂ ਪੂਰੇ ਦੇ ਪੂਰੇ ਸਰੀਰ ਬੋਲਦੇ
ਆਪਣੇ ਸਖਤ ਖੁਰਦਰੇ ਹੱਥ ਹਿਲਾਉਂਦੇ
ਉਮਰ ਨਾਲ ਝੁਕੇ ਮੋਢੇ ਛੰਡਦੇ
ਜੋ ਅੱਜ ਵੀ ਉਨ੍ਹਾਂ ਦੀਆਂ
ਚੌੜੀਆਂ ਛਾਤੀਆਂ ਨੂੰ
ਲੁਕੋ ਨਾ ਸਕਦੇ

ਜੀਵਨ ਦੌਰਨਾ ਉਹ ਫੌਜੀ ਰਹੇ
ਦੇਸਾਂ ਖਾਤਰ ਜੰਮ ਕੇ ਲੜ੍ਹੇ
ਕਾਮੇ ਬਣ ਮਿੱਲਾਂ ਵਿਚ
ਡੱਟ ਕੇ ਮਿਹਨਤ ਕੀਤੀ
ਫੇਰ ਵੀ ਉਮਰ ਦਾ ਖੱਟਿਆ
ਬਹੁਤਾ ਕੁਝ ਨਹੀਂ ਸੀ ਉਨ੍ਹਾਂ ਕੋਲ
ਥੋੜ੍ਹੇ ਜਿਹੇ ਗੁੱਸੇ ਤੇ ਘਣੀ ਉਦਾਸੀ ਸੰਗ

ਮਿਸਟਰ ਮਕੇਅ ਨੇ ਇਕ ਵਾਰੀ ਦਿਲ ਦੀ ਕਹੀ:
''ਲੱਗਦਾ ਹੈ ਸਾਰੀ ਉਮਰ ਅਸੀਂ ਲੜਦੇ ਰਹੇ
ਗਲਤ ਦੁਸ਼ਮਣਾਂ ਤੇ ਲੋਕਾਂ ਦੇ ਵਿਰੁੱਧ ਹੀ
ਸਾਰੀ ਜਦੋ ਜਹਿਦ ਤੇ ਮਿਹਨਤ ਨਾਲ
ਇਕੋ ਗੱਲ 'ਚ ਕਾਮਯਾਬ ਹੋਏ ਹਾਂ
ਅਮੀਰਾਂ ਨੂੰ ਹੋਰ ਕੀਤਾ ਅਮੀਰ''

ਮਨੁੱਖ ਤੇ ਹੋਏ ਅਧੁਨਿਕਤਾ ਦੇ ਹਮਲੇ ਦੇ ਬਾਵੂਦ
ਉਹਨਾਂ ਦੀ ਇਮਾਨਦਾਰੀ ਤੇ ਮਿੱਤਰਤਾ ਬਚੀ ਰਹੀ
ਉਹ ਏਨੇ ਚੁਸਤ ਤੇ ਚਲਾਕ ਵੀ ਨਾ ਹੋਏ
ਕਿ ਆਪਣੇ ਮਨ ਦੇ ਭਾਵਾਂ ਨੂੰ ਲੁਕੋਣ
ਪਹਿਲਾਂ ਪਹਿਲਾਂ ਏਸੇ ਗੱਲੋਂ ਮੈਂ
ਉਨ੍ਹਾਂ ਤੋਂ ਔਖਾ ਹੋ ਗਿਆ
ਪਿਛੋਂ ਜਾ ਕੇ ਬਹੁਤ ਪਿਛੋਂ
ਉਹਨਾਂ ਅੰਦਰ ਦੱਬੀ
ਮਨੁੱਖਤਾ ਤੱਕ
ਪਹੁੰਚਿਆਂ

ਮੈਂ ਆਪਣੇ ਆਪ 'ਤੇ ਹੈਰਾਨ ਹੋਇਆ
ਮੈਂ ਤਾਂ ਹੋਛੇ ਰੋਆਏ ਡਿਕਸਨ ਨੂੰ ਵੀ
ਕਰਨ ਲੱਗ ਪਿਆ ਸਾਂ ਪਸੰਦ
ਉਹਦੀਆਂ ਗੱਲਾਂ ਦਾ ਅੰਦਾਜ਼
ਮੇਰੇ ਲਈ ਘਿਰਣਾਭਰੀ ਖਿੱਚ ਰੱਖਦਾ
ਉਹ ਤੇਜ਼ ਤੇਜ਼ ਬੋਲਦਾ ਥੁੱਕ ਸੁੱਟਦਾ
ਇਕ ਵਿਸ਼ੇ ਤੋਂ ਦੂਜੇ 'ਤੇ ਛੜੱਪੇ ਮਾਰਦਾ
ਥਾਂ ਖੜ੍ਹਾ ਪਾਸੀ ਹੱਥ ਮਾਰ ਨੱਚੀ ਜਾਂਦਾ
ਬੜਾ ਨੀਚ ਬੰਦਾ ਸੀ ਉਂਝ
ਕਿਸੇ ਨਾ ਕਿਸੇ ਤਰ੍ਹਾਂ ਮੈਨੂੰ
ਏਸ ਗੱਲ ਦਾ ਚੇਤਾ ਕਰਾ ਦੇਂਦਾ
ਉਹ ਗੋਰਾ ਸੀ ਤੇ ਮੈਂ ਨਹੀਂ ਸਾਂ
ਤੇ ਆਪਣੇ ਹੀ ਇਰਾਦੇ ਵਿਰੁੱਧ
ਮੈ ਮਿਸਜ਼ ਐਮਰੀ ਨੂੰ ਵੀ
ਚਾਹੁਣ ਲੱਗ ਪਿਆ
ਉਹ ਸੋਚਦੀ ਸੀ

ਘਣਾ ਮੇਕ-ਅੱਪ
ਉਹਦੀ ਉਮਰ ਦੇ
ਸੱਚ ਨੂੰ ਲੁਕੋਂਦਾ ਹੈ
ਰਾਜਕੁਮਾਰ ਰਾਜੇ ਤੇ ਰਾਣੀਆਂ
ਉਹਦੀਆਂ ਗੱਲਾਂ ਤੇ ਕਹਾਣੀਆਂ 'ਚ
ਸਿਰਾਂ 'ਤੇ ਹੀਰੇ ਮੋਤੀਆਂ ਦੇ ਤਾਜ ਪਹਿਨੀ
ਚਿੱਟੇ ਵਸਤਰ ਪਾ ਮਹਿਲਾਂ 'ਚ ਘੁੰਮਦੇ
ਇਨ੍ਹਾਂ ਕਹਾਣੀਆਂ 'ਚ ਮੇਰੇ ਲਈ
ਲੁਕਿਆ ਹੋਇਆ ਸੁਨੇਹਾ ਹੁੰਦਾ
ਉਹ ਕਨੇਡਾ ਜੰਮੀ ਗੋਰੀ
ਛੇਵੀਂ ਪੀਹੜੀ ਵਿਚੋਂ
ਤੇ ਮੈਂ ਨਹੀਂ ਸਾਂ
ਇਹ ਦੇਸ ਕਨੇਡਾ
ਉਸ ਦਾ ਸੀ ਮੇਰਾ ਨਹੀਂ
ਉਹ ਗਲ਼ੀ ਦੇ ਪਾਰ ਵਸਦੇ
ਪਰ ਜਦੋਂ ਉਹ ਗਲੀ ਦੇ ਦੂਜੇ ਪਾਸੇ ਵਸਦੇ
ਮਿਸਟਰ ਗਰੋਵ ਦੀਆਂ ਚੁਗਲੀਆਂ
ਡੂੰਘੇ ਬਰਤਾਨਵੀਂ ਮੁਹਾਵਰੇ 'ਚ ਕਰਦੀ

ਅਤੇ ਮਿਸਟਰ ਗਰੋਵ
ਲੋਹੇ ਦੇ ਜਿਗਰੇ ਵਾਲਾ ਸਾਊ ਇਨਸਾਨ
ਉਹਦੀ ਨਰਮ ਤੇ ਮਿੱਠੀ ਆਵਾਜ਼
ਸੁਣਨ ਲਈ ਮੈਂ ਤਰਸਦਾ
ਉਹ ਬਹੁਤ ਘੱਟ ਬੋਲਦਾ
ਬੜੀ ਦਿਲਕਸ਼ ਸੀ ਕਹਾਣੀ
ਉਹਦੇ ਸੰਘਰਸ਼ ਭਰੇ ਜੀਵਨ ਦੀ
ਪਹਿਲੀ ਵਾਰੀ ਉਹ ਜ਼ਖਮੀ ਹੋਇਆ
ਯੂਰਪ 'ਚ ਲੜਦਾ ਪਹਿਲੀ ਵੱਡੀ ਜੰਗ ਸਮੇਂ
ਤੀਹਵੇਂ ਦਹਾਕੇ ਦੀ ਭੁੱਖ ਨਾਲ ਨੰਗੇ ਧੜ ਜੂਝਿਆ
ਦੂਜੀ ਵੱਡੀ ਜੰਗ ਵਿਚ ਲੜਦਿਆਂ ਖਾਧੀਆਂ
ਖੱਬੀ ਲੱਤ ਵਿਚ ਦੋ ਜਰਮਨ ਗੋਲੀਆਂ
ਰਾਜੀ ਹੋ ਕੇ ਵਿਆਹ ਕਰਾਇਆ
ਵੈਨਕੂਵਰ ਦਾ ਵਾਸੀ ਬਣਿਆ
ਕੂੜਾ ਢੋਣ ਵਾਲੇ ਟਰੱਕ ਦਾ

ਪੰਦਰਾਂ ਵਰ੍ਹੇ ਚਾਲਕ ਰਿਹਾ
ਆਪਣੀ ਮਨਪਸੰਦ ਲੇਕ ਤੋਂ
ਮੱਛੀਆਂ ਫੜ ਵਾਪਿਸ ਆਇਆ ਸੀ
ਦਿਲ ਦੇ ਦੌਰੇ ਨੇ ਸਦਾ ਲਈ ਢਾਹ ਲਿਆ
ਮੱਧਰਾ ਮਿੱਠਾ ਪਿਆਰਾ ਨਿਆਰਾ ਮਿਸਟਰ ਗਰੋਵ

ਸੱਭ ਤੋਂ ਵੱਧ ਦਿਲਚਸਪ ਬੰਦਾ ਹੈਰੀ ਮੂਰ ਸੀ
ਜੁਆਨੀ ਵੇਲੇ ਉਹ ਘੋੜੇ ਸਿਖਾਲਦਾ
ਰੱਜ ਕੇ ਪੀਂਦਾ ਬੇਤਹਾਸ਼ਾ ਲੜਦਾ
ਅਜਿਹੀ ਕਿਸੇ ਲੜਾਈ ਵਿਚ
ਸੱਜੀ ਬਾਂਹ ਕੱਟੀ ਗਈ
ਇਕ ਬਾਂਹ ਨਾਲ ਹੀ
ਆਪਣੀ ਦੇਖ ਭਾਲ ਕਰਦਾ
ਤੇ ਨਾਲੇ ਤਿੰਨ ਕੁੱਤੇ ਪਾਲਦਾ
ਉਹ ਜਿੰਨੀਆਂ ਵੀ ਗੱਲਾਂ ਕਰਦਾ
ਉਹਨਾਂ ਵਿੱਚ ਇਕੋ ਇਕ ਸੁਨੇਹਾ ਹੁੰਦਾ
"ਘੋੜ੍ਹੇ ਤੇ ਕੁੱਤੇ ਬਸ ਦੋ ਹੀ ਜਾਨਵਰ
ਬੰਦੇ ਨੂੰ ਚੰਗੀ ਤਰ੍ਹਾਂ ਸਮਝਦੇ ਨੇ"
ਉਹਦੇ ਘਰ ਵਾਲੀ ਕੁੱਤੇ ਨਹੀਂ
ਬਿੱਲੀਆਂ ਪਸੰਦ ਕਰਦੀ
ਉਹ ਆਪਣੇ ਘਰ ਦੇ
ਮੂਹਰਲੇ ਚਬੂਤਰੇ 'ਤੇ ਖੜ੍ਹ
ਦੂਜੇ ਤੀਜੇ ਉੱਚੀ ਉੱਚੀ ਲੜਦੇ
ਗਾਲ੍ਹਾਂ ਉਹ ਇਕ ਦੂਜੇ ਨੂੰ ਨਹੀਂ ਸਗੋਂ
ਇਕ ਦੂਜੇ ਦੇ ਪਾਲਤੂ ਜਾਨਵਰਾਂ ਨੂੰ ਕੱਢਦੇ

ਛੋਟੇ ਜਿਹੇ ਕਮਰੇ ਵਿਚ ਹੈਰੀ ਮੂਰ
ਤਿੰਨਾਂ ਕੁੱਤਿਆਂ ਨਾਲ ਰਹਿੰਦਾ
ਹਨੇਰੇ ਗੰਦੇ ਮੁਸ਼ਕ ਮਾਰਦੇ
ਕਮਰੇ ਦੀ ਕੰਧ ਉੱਤੇ
ਦੋ ਤਸਵੀਰਾਂ ਲਾਈਆਂ ਹੁੰਦੀਆਂ
ਇਕ ਕਾਲੇ ਘੋੜ੍ਹੇ ਦੀ ਦੂਜੀ ਗਾਂਧੀ ਦੀ
ਜੁਆਨੀ ਵੇਲੇ ਉਹਨੇ ਇਹ ਤਸਵੀਰਾਂ ਖ੍ਰੀਦੀਆਂ
ਗਾਂਧੀ ਨੂੰ ਖਬਰੇ ਉਹ ਕਿਵੇਂ ਪਸੰਦ ਕਰਦਾ ਸੀ

ਜੋ ਹਰ ਕਾਲ਼ੇ ਬੰਦੇ ਨੂੰ ਨਫਰਤ ਕਰਦਾ
''ਉਹ ਸੱਭ ਗੰਦੇ ਹਨ'' ਉਹ ਕਹਿੰਦਾ

ਮਿਸਟਰ ਸਟਿਲਮੈਨ
ਬਹੁਤ ਹੀ ਭਲਾ ਬੀਬਾ ਬੰਦਾ
ਸਭ ਨੂੰ ਇਜ਼ਤ ਨਾ' ਬਲਾਉਂਦਾ
ਇਕਸਾਰ ਸ਼ਾਂਤ ਝੀਲ ਵਾਂਗ ਵਿਚਰਦਾ
ਉਹਦੇ ਘਰ ਦਾ ਲਾਅਨ ਸਾਰੀ ਗ਼ਲੀ ਵਿਚੋਂ
ਸਭ ਤੋਂ ਵੱਧ ਸਾਂਭਿਆ ਸਜਾਇਆ ਹੁੰਦਾ
ਸੁਖਦਾਈ ਸ਼ਾਤਮਈ ਹਰਿਆਵਲ ਵਾਲਾ
ਸੁਹਣੀ ਤਰ੍ਹਾਂ ਕੱਟਿਆ ਸੰਵਾਰਿਆ
''ਅੰਦਰ ਨੂੰ ਸਾਫ ਰੱਖਣ ਦਾ
ਸੱਭ ਤੋਂ ਵਧੀਆ ਤਰੀਕਾ
ਹਰ ਪਾਸੇ ਸਫਾਈ ਰੱਖੋ''
ਮਿਸਟਰ ਸਟਿਲਮੈਨ
ਭਾਰੀ ਆਵਾਜ਼ 'ਚ ਕਹਿੰਦਾ
ਉਹਦੇ ਨਾਲ ਗੱਲਾਂ ਕਰਕੇ
ਮੈਨੂੰ ਆਪਣਾ ਆਪ
ਸਾਫ ਸਾਫ
ਸੋਹਣਾ ਸੋਹਣਾ
ਚੰਗਾ ਚੰਗਾ
ਲਗਦਾ

ਉਹ ਸਵੇਰੇ ਸਵੱਖਤੇ
ਘਰੋਂ ਨਿਕਲ ਆਉਂਦਾ
ਘਾਹ ਤੇ ਬੂੱਟਿਆਂ ਨੂੰ ਸਾਂਭਦਾ
ਫੁੱਲਾਂ ਨੂੰ ਬੱਚਿਆਂ ਵਾਂਗ ਪਿਆਰਦਾ
ਇਕੱਲਾ ਰਹਿੰਦਾ ਉਹ ਘਣੇ ਦਰੱਖਤ ਵਰਗਾ
ਗ਼ਲੀ ਵਿਚੋਂ ਆਉਂਦੇ ਜਾਂਦੇ ਹਰ ਨਿੱਕੇ ਵੱਡੇ ਨਾਲ
ਆਪਣੇ ਫੁੱਲਾਂ ਵਰਗੀ ਮੁਸਕਾਨ ਸਾਂਝੀ ਕਰਦਾ
ਉਹਦੀ ਬਹੁਤੀ ਡਾਕ ਨਹੀਂ ਸੀ ਹੁੰਦੀ
ਲੋਕਾਂ ਲਈ ਏਨੀ ਜੰਕ ਮੇਲ
ਚੁੱਕੀ ਫਿਰਨ ਲਈ ਸਦਾ
ਮੇਰੇ ਨਾਲ ਹਮਦਰਦੀ

ਜਤਾਉਂਦਾ ਰਹਿੰਦਾ

ਜਦੋਂ ਇਸ ਵਾਰ
ਮੈਂ ਉਹਦੇ ਘਰ ਕੋਲ ਗਿਆ
ਦੇਖਦਿਆਂ ਹੀ
ਮੇਰਾ ਦਿਲ ਬੈਠ ਗਿਆ
ਲਾਅਨ ਬੇਆਸਰਾ ਜਿਹਾ ਲੱਗਿਆ
ਘਾਹ ਦੀ ਦਿੱਖ ਵਿਚ
ਗੱਲ ਹੀ ਨਹੀਂ ਸੀ
ਅੰਦਰ ਜਾਣ ਦੀ
ਲੋੜ ਨਾ ਸਮਝੀ

ਮਿਸਟਰ ਸਟਿਲਮੈਨ
ਮੇਰਾ ਅਖੀਰਲਾ ਦੋਸਤ
ਚੁਹੱਤਰਵੀਂ ਐਵਨਿਊ ਦਾ ਵਾਸੀ
ਮੇਰੇ ਡਾਕ ਵੰਡਣ ਦੇ ਰੂਟ ਦਾ ਅੰਤ

*ਸਾਧੂ ਬਿਨਿੰਗ ਦੀ ਕਵਿਤਾ ਬਾਰੇ ਕੁਝ ਚਿੰਤਕਾਂ ਦੇ ਵਿਚਾਰ:*

ਉਸ ਦੀ ਕਵਿਤਾ ਅਨੁਭਵ ਦੀ ਮੌਲਿਕਤਾ ਤੇ ਸੱਜਰੇਪਨ ਦੇ ਅਜਿਹੇ ਅੰਸ਼ ਹਨ ਜਿਨ੍ਹਾਂ ਦੀ ਪਰਵਾਸੀ ਕਵੀਆਂ ਤੋਂ ਉਮੀਦ ਤਾਂ ਕੀਤੀ ਜਾਂਦੀ ਹੈ ਪਰ ਜੋ ਹਕੀਕਤ ਵਿਚ ਪ੍ਰਾਪਤ ਨਹੀਂ। ਸਾਧੂ ਦਾ ਇਹ ਸੱਜਰਾਪਨ ਤੇ ਉਸ ਦੀ ਵਿਲੱਖਣਤਾ ਇਸ ਤੱਥ ਵਿਚ ਮੌਜੂਦ ਹੈ ਕਿ ਉਹ ਆਪਣੀ ਸਾਰੀ ਸਿਰਜਣਾਤਮਕ ਗੱਲ ਉਸ ਧਰਤੀ ਦੇ ਪ੍ਰਸੰਗ ਵਿਚ ਕਰਦਾ ਹੈ ਜੋ ਹੁਣ ਉਸਦਾ 'ਵਤਨ' ਹੈ।

**ਡਾਕਟਰ ਰਘਬੀਰ ਸਿੰਘ**

***ਸਿਰਜਣਾ, ਨੰਬਰ 85, ਜਨਵਰੀ-ਮਾਰਚ, 1992, ਸਫਾ 82***

*ਰਿਸ਼ਤੇ ਦਰਿਆਵਾਂ ਦੇ* ਦੀਆਂ ਕਵਿਤਾਵਾਂ ਪੜ੍ਹਨ ਵੇਲੇ ਅਸੀਂ ਏਨੇ ਸਹਿਜ ਨਾਲ ਉਨ੍ਹਾਂ ਵਿਚਲੇ 'ਖਿਆਲ' ਤੱਕ ਪਹੁੰਚ ਜਾਂਦੇ ਹਾਂ ਕਿ ਕਵਿਤਾ ਦੀ ਵੱਖਰੀ ਹੋਂਦ ਦਾ ਅਹਿਸਾਸ ਨਹੀਂ ਰਹਿੰਦਾ। ਜਿਵੇਂ ਚਾਨਣ ਵਿਚ ਚੀਜ਼ਾਂ ਹੀ ਦਿਸਦੀਆਂ ਹਨ, ਚਾਨਣ ਨਹੀਂ। ਇਨ੍ਹਾਂ ਕਵਿਤਾਵਾਂ ਵਿਚਲੇ ਖਿਆਲ ਵੀ ਚੀਜ਼ਾਂ ਵਰਗੇ ਹਨ: ਸਾਫ, ਸਪੱਸ਼ਟ ਅਤੇ ਨਿਸ਼ਚਿਤ।

**ਨਵਤੇਜ ਭਾਰਤੀ**

ਉਸਦੀ ਕਵਿਤਾ ਧਾਰਮਕ ਲੋਕਾਂ ਦੇ ਦੋਹਰੇਪਨ, ਵਰਤੋਂਵਾਦੀ ਕਦਰਾਂ ਦਾ ਇਨਸਾਨ ਉੱਤੇ ਗਲਬਾ, ਆਦਿਵਾਸੀਆਂ ਦੀ ਦੁਰਦਸ਼ਾ, ਹਿੰਦੁਸਤਾਨੀ ਜ਼ਿੰਦਗੀ ਦੀਆਂ ਕਮੀਆਂ ਅਤੇ ਉੱਤਰੀ-ਅਮਰੀਕਣ ਸਮਾਜ ਦੀਆਂ ਉਣਤਾਈਆਂ ਬਾਰੇ ਹੈ। ਇਸ ਸਭ ਕੁਝ ਨੂੰ ਉਹ ਮਾਨਵਾਦੀ ਕਦਰਾਂ ਦੇ ਇਕ ਮਿਆਰ ਤੋਂ ਦੇਖਦਾ ਹੈ। ਇਸ ਮਿਆਰ ਤੋਂ ਡਿੱਗੇ ਇਨਸਾਨ ਵਲ ਉਸਦੀ ਕਵਿਤਾ ਵਿਚ ਜਿਥੇ ਵਿਅੰਗ ਹੈ ਉਥੇ ਇਕ ਧੀਮਾ ਜਿਹਾ ਹਾਸਰਸ ਵੀ ਹੈ। ਇਹ ਹਾਸਰਸ ਉਸਦੀ ਕਵਿਤਾ ਨੂੰ ਇਕ ਸਿਹਤਮੰਦ ਨੁਹਾਰ ਦਿੰਦਾ ਹੈ।

**ਬਲਦੇਵ ਦੂਹੜੇ**

***ਵਤਨ, ਅਪਰੈਲ-ਜੂਨ 1992, ਸਫੋ 39***

ਸਾਧੂ ਦੀ ਕਵਿਤਾ ਵਿਚਲੇ ਵੇਰਵੇ ਰਾਜਨੀਤਕ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਤੋਂ ਸਭਿਆਚਾਰਕ ਵਖਰੇਵੇਂ ਦੇ, ਮਾਨਸਕ ਦੁੱਖ ਦੀ ਦ੍ਰਿਸ਼ਟੀ ਤੋਂ, ਰਿਸ਼ਤਿਆਂ ਦੇ ਟੁੱਟਣ ਵਿਚੋਂ ਪੈਦਾ ਹੋਣ ਵਾਲੀ ਪ੍ਰਚੰਡ ਪੀੜਾ ਦੀ ਦ੍ਰਿਸ਼ਟੀ ਤੋਂ, ਵਪਾਰਕ ਵਿਹਾਰ ਅਤੇ ਵਰਤੋਂ ਦੀਆਂ ਵਸਤਾਂ ਪ੍ਰਤੀ ਹਾਬੜ ਨੂੰ ਪੂਰਿਆਂ ਕਰਨ ਦੀ ਭਾਜੜ ਦੀ ਦ੍ਰਿਸ਼ਟੀ ਤੋਂ, ਓਪਰੇ ਸਭਿਆਚਾਰ ਦੇ ਸੰਦਰਭ ਵਿਚ ਉਭਰਣ ਵਾਲੇ ਪੀੜ੍ਹੀ-ਪਾੜੇ ਦੇ ਤਣਾਓ ਦੀ ਦ੍ਰਿਸ਼ਟੀ ਤੋਂ, ਨਸਲੀ ਵਿਤਕਰੇ ਦੀ ਹੀਣਤਾ ਦੀ ਦ੍ਰਿਸ਼ਟੀ ਤੋਂ, ਪਰਵਾਸੀ ਦੀ ਸਥਾਨਕ ਸਭਿਆਚਾਰ ਤੋਂ ਬੇਗਾਨਗੀ ਦੀ ਦ੍ਰਿਸ਼ਟੀ ਤੋਂ ਪ੍ਰਮਾਣਿਕ ਵੇਰਵੇ ਮੰਨੇ ਜਾ ਸਕਦੇ ਹਨ। ਇਸ ਤਰ੍ਹਾਂ *ਰਿਸ਼ਤੇ ਦਰਿਆਵਾਂ ਦੇ* ਨੂੰ ਪਰਵਾਸੀ ਚੇਤਨਾ ਦਾ ਪ੍ਰਮਾਣਿਕ ਦਸਤਾਵੇਜ਼ ਮੰਨਿਆ ਜਾ ਸਕਦਾ ਹੈ।

**ਡਾਕਟਰ ਅਮਰਜੀਤ ਸਿੰਘ**

***ਪਰਵਾਸ, ਪੁਸਤਕ ਲੜੀ: ਸੱਤ, ਅਪਰੈਲ 1992***

## No More Watno Dur

Sadhu Binning's poetry gently provokes and evokes. He uses the tools of language, both Punjabi and English, to guide the reader through a private journey of public relevance. Rooted in a history of culture and labour activism, this collection questions our notions of home, family and community. *No More Watno Dur* firmly establishes Binning as an essential poet who must be read in order to understand this continually unfolding experience of home and homeland in the Western world.

**Zool Suleman**

*Editor, Rungh Magazine*

While most of the poems are about 'becoming Canadian', they portray a relationship to the new homeland that continues to be scarred by the same alienation and fear that the earlier South Asian migrants had experienced. And yet these poems represent a new power, derived from the poet's keen observation of life and people, a modulating voice that narrates and describes his varied experiences, and an implicit determination to face the challenges of racism and discrimination - sometimes with humor and compassion, but more often through a global understanding of race, gender, and class in Canada.

The emotions and experiences that find expression in these poems are mediated through the consciousness of a complex individual who will not settle for any confining view of nation or identity, race or class.

**Dr. Amritjit Singh**

*The Toronto Review, Winter 1996, V.14, No.2, page 22.*

*No More Watno Dur* establishes Sadhu Binning as one of the leading poets of the Indian diaspora now writing in English.

**Dr. C.J.S. Walia**

*Editor, IndiaStar Review of Books (Popular Internet Magazine)*

Binning's poetry successfully reflects the immediate mood of Indo Canadians as well as provides a deep peek into their psyche.

**Ajmer Rode**

*B.C. BookWorld Winter 1995, p. 32*

Sadhu Binning exemplifies the tensions and anxieties that bedevil a poet working in the context of an emergent migrant literature.

His *No More Watno Dur* is published in a split-personality edition of face-to-face English and Punjabi script so elegant it might inspire you to enroll in his classes.

**John Moore**

*The Weekend Sun, Saturday, August 12, 1995. p. D19*

Sadhu is an amazing poet, who I feel has managed to distill the essence of the Indian experience in Canada in his poetry.

**Ali Kazimi**

*Documentary Film-maker*

**ਲੇਖਕ ਬਾਰੇ**



ਸਾਧੂ ਬਿਨਿੰਗ 1967 ਤੋਂ ਕਨੇਡਾ ਰਹਿ ਰਿਹਾ ਹੈ। ਹੁਣ ਤੱਕ (2025) ਉਸ ਦੀਆਂ ਵੀਹ ਦੇ ਕਰੀਬ ਪੁਸਤਕਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿੱਚ ਪੰਜ ਕਾਵਿ ਸੰਗ੍ਰਹਿ, ਤਿੰਨ ਕਹਾਣੀ ਸੰਗ੍ਰਹਿ, ਇਕ ਨਾਵਲ ਸ਼ਾਮਲ ਹਨ। ਉਸ ਦੀਆਂ ਸਾਹਿਤਕ ਰਚਨਾਵਾਂ ਪੰਜਾਬੀ ਦੇ ਮੈਗਜ਼ੀਨਾਂ ਨਾਲ ਨਾਲ ਕਨੇਡਾ ਅਮਰੀਕਾ ਦੇ ਅੰਗ੍ਰੇਜ਼ੀ ਦੇ ਕਈ ਸਥਾਪਤ ਮੈਗਜ਼ੀਨਾਂ ਅਤੇ ਪਾਕਿਸਤਾਨ ਦੇ ਕੁਝ ਰਸਾਲਿਆਂ ਵਿੱਚ ਵੀ ਛਪੀਆਂ ਹਨ। ਸਾਧੂ ਬਿਨਿੰਗ ਦੀਆਂ ਰਚਨਾਵਾਂ ਪੰਜਾਬੀ ਅਤੇ ਅੰਗਰੇਜ਼ੀ ਦੇ ਸੱਠ ਤੋਂ ਉੱਪਰ ਸੰਗ੍ਰਹਿਆਂ ਵਿੱਚ ਸ਼ਾਮਲ ਹਨ।

ਉਹ ਕਨੇਡਾ ਤੋਂ ਨਿਕਲਣ ਵਾਲੇ ਪੰਜਾਬੀ ਮੈਗਜ਼ੀਨ ਵਤਨੋਂ ਦੂਰ ਦਾ ਸੰਪਾਦਕ, ਵਤਨ ਦਾ ਸਹਿ-ਸੰਪਾਦਕ, ਅੰਗ੍ਰੇਜ਼ੀ ਮੈਗਜ਼ੀਨ ਅੰਕੁਰ ਦੀ ਕੁਲੈਕਟਿਵ ਦਾ ਮੈਂਬਰ ਅਤੇ ਰੰਗ ਅਤੇ ਈਵਿੰਟ ਮੈਗਜ਼ੀਨਾਂ ਦੇ ਬੋਰਡਾਂ 'ਤੇ ਵੀ ਰਿਹਾ ਹੈ। ਉਸ ਨੇ 'ਲੈਸਨ ਆਫ ਏ ਡਿਫਰਿੰਟ ਕਾਈਂਡ' ਅਤੇ 'ਜਗੀਰੂ ਲੰਬੜ' ਤੋਂ ਬਿਨਾਂ ਸੁਖਵੰਤ ਹੁੰਦਲ ਅਤੇ ਵੈਨਕੂਵਰ ਸੱਥ ਦੀ ਟੀਮ ਨਾਲ ਮਿਲ਼ ਕੇ 'ਪਿਕਟ ਲਾਈਨ', ਅਤੇ 'ਲੱਤਾਂ ਦੇ ਭੂਤ' ਵਰਗੇ ਦਰਜਨ ਤੋਂ ਉੱਪਰ ਨਾਟਕ ਲਿਖੇ ਅਤੇ ਪੇਸ਼ ਕੀਤੇ ਹਨ। ਇਸੇ ਤਰ੍ਹਾਂ ਵਿਦਿਅਕ, ਇਤਿਹਾਸਕ ਅਤੇ ਸਮਾਜਿਕ ਵਿਸ਼ਿਆਂ ਬਾਰੇ ਵੀਡੀਓ ਸਕਰਿਪਟ ਲਿਖੇ ਅਤੇ ਸਹਿ ਨਿਰਦੇਸ਼ਨਾ ਦਾ ਕੰਮ ਵੀ ਕੀਤਾ ਹੈ। ਇਨ੍ਹਾਂ ਵਿੱਚੋਂ ਕੁਝ ਦੇ ਨਾਂ ਹਨ: ਬੋਤਲ ਦਾ ਟੁੱਟਣਾ, ਡਿਸਪਲਿਨ, ਸੈਲਫ ਇਸਟੀਮ, ਕਮਿਊਨੀਕੇਸ਼ਨ, ਨੋ ਸਮਾਲ ਮੈਟਰ ਅਤੇ ਕਾਮਾਗਾਟਾ ਮਾਰੂ।

ਉਹਨੇ ਸੁਖਵੰਤ ਹੁੰਦਲ ਨਾਲ ਮਿਲ਼ ਕੇ ਕਨੇਡਾ ਵਿਚਲੇ ਪੰਜਾਬੀਆਂ ਦੇ ਇਤਿਹਾਸ ਬਾਰੇ 'ਸੰਘਰਸ਼ ਦੇ ਸੌ ਵਰ੍ਹੇ' ਅਤੇ ਕਨੇਡਾ ਵਿੱਚ ਭਾਰਤੀਆਂ ਦੇ ਵੋਟ ਦੇ ਹੱਕ ਲਈ ਕੀਤੀ ਜੱਦੋ-ਜਹਿਦ ਬਾਰੇ ਖੋਜ ਦੀਆਂ ਕਿਤਾਬਾਂ ਲਿਖੀਆਂ ਹਨ ਅਤੇ ਕੁਝ ਕਿਤਾਬਾਂ ਦੀ ਸੰਪਾਦਨਾ ਵੀ ਕੀਤੀ ਹੈ। ਇਸੇ ਤਰ੍ਹਾਂ ਉਸ ਨੇ ਸੁਖਵੰਤ ਹੁੰਦਲ ਅਤੇ ਗੁਰਮੇਲ ਰਾਏ ਨਾਲ ਮਿਲ਼ ਕੇ ਸਾਧੂ ਸਿੰਘ ਧਾਮੀ ਦਾ ਨਾਵਲ 'ਮਲੂਕਾ' ਅਤੇ ਕੁਝ ਹੋਰ ਕਿਤਾਬਾਂ

ਅੰਗ੍ਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤੀਆਂ ਹਨ। ਕਰਤਾਰ ਕੌਰ ਢਿੱਲੋਂ ਅਤੇ ਸ਼ਾਨਾ ਸਿੰਘ ਬਾਲਡਵਿਨ ਦੀਆਂ ਲਿਖਤਾਂ ਦੇ ਨਾਲ ਨਾਲ ਕੁਝ ਹੋਰ ਰਚਨਾਵਾਂ ਵੀ ਅਨੁਵਾਦ ਕੀਤੀਆਂ ਹਨ। ਇਕ ਕਾਵਿ ਸੰਗ੍ਰਹਿ 'ਜੰਗਲ ਦੇ ਵਿਰੁੱਧ' ਦੀ ਸੰਪਾਦਨਾ ਸੁਖਪਾਲ ਸੰਘੇੜਾ ਨਾਲ ਰਲ਼ ਕੇ ਕੀਤੀ ਹੈ।

ਸਾਧੂ ਬਿਨਿੰਗ ਨੇ 1988 ਤੋਂ ਲੈ ਕੇ 2008 ਤੱਕ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿੱਚ ਪੰਜਾਬੀ ਪੜ੍ਹਾਈ ਹੈ ਅਤੇ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਉਣ ਲਈ ਚਾਰ ਕਿਤਾਬਾਂ ਵੀ ਤਿਆਰ ਕੀਤੀਆਂ ਹਨ। ਸਾਹਿਤ ਅਤੇ ਸਭਿਆਚਾਰ ਨਾਲ ਸਸੰਬੰਧਤ ਕਈ ਜਥੇਬੰਦੀਆਂ ਦਾ ਮੋਢੀ ਮੈਂਬਰ ਵੀ ਰਿਹਾ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ ਪੰਜਾਬੀ ਕਲਚਰਲ ਐਸੋਸੀਏਸ਼ਨ, ਪੰਜਾਬੀ ਸਾਹਿਤ ਸਭਾ ਵੈਨਕੂਵਰ ਜੋ ਹੁਣ ਲੇਖਕ ਮੰਚ ਦੇ ਨਾਂ ਨਾਲ ਜਾਣੀ ਜਾਂਦੀ ਹੈ, ਵੈਨਕੂਵਰ ਸੱਥ, ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ। ਉਹ ਲੰਮੇ ਸਮੇਂ ਤੋਂ ਰਾਈਟਰਜ਼ ਯੂਨੀਅਨ ਆਫ ਕੈਨੇਡਾ ਦਾ ਵੀ ਮੈਂਬਰ ਹੈ; ਬੀ ਸੀ ਆਰਟਸ ਬੋਰਡ, ਅਤੇ ਹੈਰੀਟੇਜ ਐਸੋਸੀਏਸ਼ਨ ਦਾ ਵੀ ਮੈਂਬਰ ਰਿਹਾ ਹੈ। ਉਹ ਕਨੇਡਾ ਵਿੱਚ ਘਟ ਗਿਣਤੀ ਬੋਲੀਆਂ ਦੇ ਹੱਕਾਂ ਲਈ ਹੁੰਦੀਆਂ ਸਰਗਰਮੀਆਂ ਅਤੇ ਕਈ ਕਾਂਨਫਰੰਸਾਂ ਵਿੱਚ ਹਿੱਸਾ ਲੈ ਚੁੱਕਾ ਹੈ।

ਉਹਨੂੰ ਕਾਫੀ ਸਾਰੇ ਇਨਾਮ ਸਨਮਾਨ ਵੀ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚ ਪਬਲਿਕ ਲਾਇਬ੍ਰੇਰੀ ਵੈਨਕੂਵਰ ਵਲੋਂ ਸ਼ਹਿਰ ਦੇ ਦੱਖਣੀ ਹਿੱਸੇ ਵਿੱਚ 2015 ਨੂੰ ਲਾਈ ਗਈ ਪਲੇਕ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਲੋਂ 2019 ਵਿਚ ਦਿੱਤੀ ਗਈ ਆਨਰੇਰੀ ਡਿਗਰੀ ਡੀ. ਲਿੱਟ. ਵੀ ਸ਼ਾਮਲ ਹਨ।

❋❋❋❋